ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245311/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 20 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੬ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਸ਼ਹੀਦੀ ਹਫ਼ਤਾ (੬ ਪੋਹ)

ਸਿੱਖ ਧਰਮ ਵਿੱਚ 6 ਪੋਹ ਤੋਂ ਲੈ ਕੇ ਅਗਲਾ ਇੱਕ ਹਫ਼ਤਾ ਸ਼ਹੀਦੀ ਹਫ਼ਤੇ ਦੇ ਤੌਰ ’ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 20 ਦਸੰਬਰ ਤੋਂ ਲੈ ਕੇ 28 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ ’ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ ’ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰਾ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਰੋਜ਼ਾਨਾ ਦੱਸ ਰਹੇ ਹਾਂ।



ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਚਲੇ ਗਏ ਸਨ। ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ ’ਤੇ ਹਮਲਾ ਕਰ ਦਿੱਤਾ ਸੀ। ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ।

ਆਵਾਜ਼ਿ ਕੌਮ
AWAZE QAUM
International Newspaper & WEB TV

Exclusive News

### ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਮਾਮਲਾ; ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਜਾਰੀ ਕੀਤਾ ਨੋਟਿਸ

**ਨਵੀਂ ਦਿੱਲੀ, 19 ਅਗਸਤ (ਆਵਾਜ਼ਿ ਕੌਮ ਬਿਊਰੋ)-** ਸੁਪਰੀਮ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਪਟੀਸ਼ਨ ’ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ 19 ਜਨਵਰੀ ਤੱਕ ਜਵਾਬ ਦਾਖਲ ਕਰਨ ਲਈ ਕਿਹਾ ਹੈ। ਦੱਸ ਦਈਏ ਕਿ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਗਈ ਸੀ, ਜਿਸ ਤੋਂ ਬਾਅਦ ਅਕਾਲੀ ਆਗੂ ਵੱਲੋਂ ਬੀਤੇ ਦਿਨ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਖਲ ਕੀਤੀ ਗਈ ਹੈ। ਅੱਜ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਇਸ ’ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਮਜੀਠੀਆ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਐਸ.ਮੁਰਲੀਧਰ ਨੇ ਦਲੀਲ ਦਿੱਤੀ ਕਿ ਉਨ੍ਹਾਂ ਨੂੰ ਪਹਿਲਾਂ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ (ਐਨਡੀਪੀਐਸ) ਐਕਟ ਕੇਸ ਵਿੱਚ ਜ਼ਮਾਨਤ ਮਿਲ ਚੁੱਕੀ ਹੈ। ਪੰਜਾਬ ਸਰਕਾਰ ਨੇ ਉਸ ਜ਼ਮਾਨਤ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਵਿੱਚ ਇੱਕ ਵਿਸ਼ੇਸ਼ ਛੁੱਟੀ ਪਟੀਸ਼ਨ ਦਾਇਰ ਕੀਤੀ ਸੀ, ਜਿਸਨੂੰ ਅਦਾਲਤ ਨੇ ਰੱਦ ਕਰ ਦਿੱਤਾ ਸੀ। ਮੁਰਲੀਧਰ ਨੇ ਦੱਸਿਆ ਕਿ ਉਸੇ ਐਨਡੀਪੀਐਸ ਕੇਸ ਵਿੱਚ, ਰਾਜ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਇੱਕ ਪੂਰਕ ਹਲਫ਼ਨਾਮਾ ਦਾਇਰ ਕੀਤਾ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਫੰਡਾਂ ਦੀ ਪ੍ਰਾਪਤੀ ਸੰਬੰਧੀ ਸਬੂਤ ਮਿਲੇ ਹਨ।

### ਬੰਗਲਾਦੇਸ਼ ’ਚ ਮੁੜ ਭੜਕੀ ਹਿੰਸਾ

# ਪੱਤਰਕਾਰਾਂ ਨੂੰ ਜਿਉਂਦਾ ਸਾੜਨ ਦੀ ਕੋਸ਼ਿਸ਼

**ਢਾਕਾ, 19 ਅਗਸਤ (ਆਵਾਜ਼ਿ ਕੌਮ ਬਿਊਰੋ)-** ਬੰਗਲਾਦੇਸ਼ ਦੇ ਕਈ ਸ਼ਹਿਰਾਂ ਵਿੱਚ ਇੱਕ ਵਾਰ ਫਿਰ ਹਿੰਸਾ ਭੜਕ ਉੱਠੀ ਹੈ। ਰਾਜਧਾਨੀ ਢਾਕਾ ਵਿੱਚ ਵੱਡੇ ਪੱਧਰ ’ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਕਈ ਥਾਵਾਂ ’ਤੇ ਅੱਗਜ਼ਨੀ ਅਤੇ ਪੱਥਰਬਾਜ਼ੀ ਦੀਆਂ ਵੀ ਰਿਪੋਰਟਾਂ ਆਈਆਂ ਹਨ। ਸ਼ਰੀਫ ਉਸਮਾਨ ਹਾਦੀ ਦੀ ਮੌਤ ਤੋਂ ਬਾਅਦ ਬੰਗਲਾਦੇਸ਼ ਵਿੱਚ ਹਿੰਸਾ ਭੜਕ ਉੱਠੀ, ਜਿਸਦੀ ਸਿੰਗਾਪੁਰ ਦੇ ਇੱਕ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਕੱਟੜਪੰਥੀ ਸਮੂਹਾਂ ਨੇ ਢਾਕਾ, ਰਾਜਸ਼ਾਹੀ, ਸਿਲਹਟ, ਮੈਮਨ ਅਤੇ ਚਟਗਾਉਂ ਸਮੇਤ ਕਈ ਸ਼ਹਿਰਾਂ ਵਿੱਚ ਅੱਗਜ਼ਨੀ, ਭੰਨਤੋੜ ਅਤੇ ਹਮਲੇ ਕੀਤੇ। ਮੈਮਨ ਜ਼ਿਲ੍ਹੇ ਵਿੱਚ, ਇੱਕ ਹਿੰਦੂ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ, ਉਸਦੀ ਲਾਸ਼ ਨੂੰ ਦਰੱਖਤ ਨਾਲ ਲਟਕਾਇਆ ਗਿਆ ਅਤੇ ਫਿਰ ਅੱਗ ਲਗਾ ਦਿੱਤੀ ਗਈ। ਢਾਕਾ ਵਿੱਚ, ਹਿੰਦੂਆਂ ਨੂੰ ਖੁੱਲ੍ਹੇਆਮ ਕਤਲ ਦੀ ਧਮਕੀ ਦਿੱਤੀ ਗਈ ਅਤੇ ਜਿਹਾਦੀ ਨਾਅਰੇ ਲਗਾਏ ਗਏ। ਉਸਮਾਨ ਹਾਦੀ ਦੀ ਮੌਤ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਹੋਰਨਾਂ ਵਿੱਚ ਮੁਹੰਮਦ ਨੂਰੂਜ਼ਮਾਨ ਨੋਮਾਨੀ ਉਰਫ਼ ਉੱਜਵਲ, ਮੁਹੰਮਦ ਕਬੀਰ, ਅਬਦੁਲ ਹੰਨਾਨ, ਮੁਹੰਮਦ ਹੀਰੋਨ, ਮੁਹੰਮਦ ਰਜ਼ਾਕ, ਫੈਜ਼ਲ ਦੀ ਪ੍ਰੇਮਿਕਾ ਮਾਰੀਆ ਅਖਤਰ, ਸਿਮਰੋਨ ਦੇਵ ਅਤੇ ਸੰਜੇ ਚਿਸਿਮ ਸ਼ਾਮਲ ਹਨ, ਜਿਨ੍ਹਾਂ ਦੀ ਪਛਾਣ ਜਾਂਚਕਰਤਾਵਾਂ ਨੇ ਹਲਵਾਘਾਟ ਸਰਹੱਦੀ ਖੇਤਰ ਵਿੱਚ ਸਰਗਰਮ ਮਨੁੱਖੀ ਤਸਕਰਾਂ ਵਜੋਂ ਕੀਤੀ ਹੈ। ਉਸਮਾਨ ਹਾਦੀ ਇਸਲਾਮੀ ਸੰਗਠਨ ਇਨਕਲਾਬ ਮੰਚ ਦੇ ਬੁਲਾਰੇ ਸਨ। ਬੰਗਲਾਦੇਸ਼ ਵਿੱਚ 11 ਦਸੰਬਰ ਨੂੰ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕੀਤਾ ਗਿਆ ਸੀ। ਇੱਕ ਦਿਨ ਬਾਅਦ ਹੀ ਹਾਦੀ ’ਤੇ ਹਮਲਾ ਹੋਇਆ। ਉਸਦੇ ਸਿਰ ਵਿੱਚ ਗੋਲੀ ਮਾਰੀ ਗਈ ਸੀ। ਇਲਾਜ ਦੌਰਾਨ ਉਸਦੀ ਮੌਤ ਹੋ ਗਈ ਹੈ। ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਨੇ 18 ਦਸੰਬਰ ਦੀ ਰਾਤ ਨੂੰ ਟੈਲੀਵਿਜ਼ਨ ’ਤੇ ਰਾਸ਼ਟਰ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ, “ਇਹ ਬਹੁਤ ਦੁਖਦਾਈ ਖ਼ਬਰ ਹੈ। ਜੁਲਾਈ ਦੇ ਵਿਦਰੋਹ ਦੇ ਇੱਕ ਬਹਾਦਰ ਫਰੰਟਲਾਈਨ ਲੜਾਕੂ ਸ਼ਰੀਫ ਉਸਮਾਨ ਹਾਦੀ ਹੁਣ ਸਾਡੇ ਵਿੱਚ ਨਹੀਂ ਰਹੇ।” ਉਨ੍ਹਾਂ ਇਸਨੂੰ ਰਾਸ਼ਟਰ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਉਨ੍ਹਾਂ ਨੇ ਕਾਤਲਾਂ ਨੂੰ ਜਲਦੀ ਫੜਨ ਦਾ ਵਾਅਦਾ ਕਰਦੇ ਹੋਏ ਕਿਹਾ, “ਕੋਈ ਰਹਿਮ ਨਹੀਂ ਕੀਤਾ ਜਾਵੇਗਾ।” ਉਨ੍ਹਾਂ ਅਪੀਲ ਕੀਤੀ, “ਧੀਰਜ ਰੱਖੋ, ਅਫਵਾਹਾਂ ਨੂੰ ਨਜ਼ਰਅੰਦਾਜ਼ ਕਰੋ, ਅਤੇ ਜਾਂਚ ਏਜੰਸੀਆਂ ਨੂੰ ਆਪਣਾ ਕੰਮ ਕਰਨ ਦਿਓ।” ਯੂਨਸ ਨੇ 20 ਦਸੰਬਰ ਨੂੰ ਰਾਜਕੀ ਸੋਗ ਦਾ ਦਿਨ ਐਲਾਨਿਆ। ਝੰਡੇ ਅੱਧੇ ਝੁਕੇ ਰਹਿਣਗੇ ਅਤੇ ਨਮਾਜ਼ ਤੋਂ ਬਾਅਦ ਵਿਸ਼ੇਸ਼ ਪ੍ਰਾਰਥਨਾ ਕੀਤੀ ਜਾਵੇਗੀ।




### ਕੀ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਆਵਾਜ਼ ਇੰਨੀ ਕਮਜ਼ੋਰ ਅਤੇ ਬੇਵੱਸ ਹੋ ਗਈ ਹੈ, ਜਿਹੜੀ ਦੇਸ਼ ਦੀ ਸੰਸਦ ਅਤੇ ਹੁਕਮਰਾਨਾਂ ਤੱਕ ਵੀ ਨਹੀਂ ਪਹੁੰਚਦੀ ?: ਭਾਈ ਬਲਵੰਤ ਸਿੰਘ ਰਾਜੋਆਣਾ



ਭਾਈ ਬਲਵੰਤ ਸਿੰਘ ਰਾਜੋਆਣਾ ਨੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ‘ਵੀਰ ਬਾਲ ਦਿਵਸ’ ਨਾਂ ਦੇਣ ਵਾਲੇ ਫੈਸਲੇ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਆਵਾਜ਼ ਨੂੰ ਲੈ ਕੇ ਸਖ਼ਤ ਸਵਾਲ ਉਠਾਏ ਹਨ। ਰਾਜੋਆਣਾ ਨੇ ਪੁੱਛਿਆ ਕਿ ਕੀ ਅਕਾਲ ਤਖ਼ਤ ਜੀ ਦੀ ਆਵਾਜ਼ ਇੰਨੀ ਕਮਜ਼ੋਰ ਤੇ ਬੇਵੱਸ ਹੋ ਗਈ ਹੈ ਜੋ ਦੇਸ਼ ਦੀ ਸੰਸਦ ਤੇ ਹੁਕਮਰਾਨਾਂ ਤੱਕ ਵੀ ਨਹੀਂ ਪਹੁੰਚਦੀ ? ਉਨ੍ਹਾਂ ਨੇ ਜਥੇਦਾਰ ਗੜਗੱਜ ਵੱਲੋਂ ਸੰਸਦ ਮੈਂਬਰਾਂ ਨੂੰ ਲਿਖੀ ਚਿੱਠੀ ਨੂੰ ਨਾਕਾਫ਼ੀ ਦੱਸਦਿਆਂ ਕਿਹਾ ਕਿ ਖਾਲਸਾ ਪੰਥ ਲਈ ‘ਵੀਰ ਬਾਲ ਦਿਵਸ’ ਨਾਂ ’ਤੇ ਕੀਤੇ ਜਾ ਰਹੇ ਕਿਸੇ ਵੀ ਸਮਾਗਮ ਵਿੱਚ ਸ਼ਾਮਲ ਨਾ ਹੋਣ ਦਾ ਸਪੱਸ਼ਟ ਆਦੇਸ਼ ਜਾਰੀ ਕੀਤਾ ਜਾਵੇ। ਰਾਜੋਆਣਾ ਨੇ ਇਸ ਨਾਂ ਨੂੰ ਪੰਥ ਵਿਰੋਧੀ ਦੱਸਿਆ ਤੇ ਕਿਹਾ ਕਿ ਸ਼ਹੀਦੀ ਦਿਵਸ ਨੂੰ ਬਦਲਣਾ ਸਿੱਖ ਇਤਿਹਾਸ ਨਾਲ ਛੇੜਛਾੜ ਹੈ। ਇਹ ਬਿਆਨ ਪੰਥਕ ਹਲਕਿਆਂ ਵਿੱਚ ਵੱਡੀ ਚਰਚਾ ਛੇੜ ਰਿਹਾ ਹੈ ਤੇ ਅਕਾਲ ਤਖ਼ਤ ਜੀ ਤੋਂ ਸਖ਼ਤ ਫੈਸਲੇ ਦੀ ਮੰਗ ਵਧ ਰਹੀ ਹੈ।

# ਸਿੱਖ ਕ੍ਰਿਸਮਸ ਨਹੀਂ, ਸ਼ਹੀਦੀ ਹਫਤਾ ਮਨਾਉਂਦੇ ਹਨ

ਇਸ ਹਫ਼ਤੇ ਜਿੱਥੇ ਹਰ ਪਾਸੇ ਕ੍ਰਿਸਮਸ ਦੀ ਧੂਮ ਹੈ, ਉਥੇ ਹੀ ਸਿੱਖ ਭਾਈਚਾਰੇ ਦੇ ਲੋਕ ਇਸਨੂੰ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ 'ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰੇ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਦੱਸ ਰਹੇ ਹਾਂ।

- ਸਿਮਰਨਜੀਤ ਸਿੰਘ

## 6 ਪੋਹ



**ਇਸ ਦਿਨ** ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਚਲੇ ਗਏ ਸਨ। ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ 'ਤੇ ਹਮਲਾ ਕਰ ਦਿੱਤਾ ਸੀ। ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ। ••

## 7 ਪੋਹ



**ਆਨੰਦਪੁਰ** ਸਾਹਿਬ ਦਾ ਕਿਲਾ ਛੱਡ ਕੇ ਗੁਰੂ ਸਾਹਿਬ ਜਦੋਂ ਪਰਿਵਾਰ ਸਮੇਤ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਵਿਛੜ ਗਿਆ। ਵਿਛੜਨ ਤੋਂ ਬਾਅਦ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਮਕੌਰ ਪਹੁੰਚ ਗਏ। ਉਥੇ ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਗੁਰੂ ਸਾਹਿਬ ਦਾ ਸੇਵਕ ਰਹਿ ਚੁੱਕਾ ਗੰਗੂ ਨਾਮਕ ਬ੍ਰਾਹਮਣ ਆਪਣੇ ਨਾਲ ਲੈ ਗਿਆ, ਪਰ ਉਸਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਇਸਦੀ ਸੂਚਨਾ ਦੇ ਦਿੱਤੀ। ਫਿਰ ਵਜ਼ੀਰ ਖ਼ਾਨ ਨੇ ਉਨ੍ਹਾਂ ਨੂੰ ਕੈਦ ਕਰ ਲਿਆ। ••

## 8 ਪੋਹ



**ਇਸ ਦਿਨ** ਚਮਕੌਰ ਦਾ ਯੁੱਧ ਹੋਇਆ, ਜਿਸ ਵਿੱਚ ਮੁਗਲਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਆਹਮਣੇ-ਸਾਹਮਣੇ ਸੀ। ਅਜਿਹਾ ਕਿਹ ਜਾਂਦਾ ਹੈ ਕਿ ਮੁਗਲਾਂ ਦੀ ਸੈਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੀ ਜਦਕਿ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ। ਇਸਦੇ ਬਾਵਜੂਦ ਉਨ੍ਹਾਂ ਨੇ ਬਹਾਦਰੀ ਦਿਖਾਉਂਦੇ ਹੋਏ ਮੁਗਲਾਂ ਨਾਲ ਲੋਹਾ ਲਿਆ। ਯੁੱਧ ਵਿੱਚ ਆਪਣੇ ਸੈਨਿਕਾਂ ਨੂੰ ਸ਼ਹੀਦ ਹੁੰਦੇ ਦੇਖ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਉਹ ਯੁੱਧ ਵਿੱਚ ਜਾ ਕੇ ਕੌਮ ਦੇ ਲਈ ਲੜਨਾ ਚਾਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਗਿਆ ਦਿੰਦੇ ਹੋਏ ਯੁੱਧ ਵਿੱਚ ਉਤਾਰਿਆ, ਜਿਸ ਵਿੱਚ ਉਨ੍ਹਾਂ ਨੇ ਇੱਕ ਦੇ ਬਾਅਦ ਇੱਕ ਮੁਗਲ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਰਮਿਆਨ ਉਹ ਖ਼ੁਦ ਵੀ ਸ਼ਹੀਦ ਹੋ ਗਏ। ਵੱਡੇ ਭਰਾ ਨੂੰ ਯੁੱਧ ਵਿੱਚ ਸ਼ਹੀਦ ਹੁੰਦਾ ਦੇਖ ਬਾਬਾ ਜੁਝਾਰ ਸਿੰਘ ਵੀ ਪਿਤਾ ਜੀ ਦੀ ਆਗਿਆ ਲੈ ਕੇ ਯੁੱਧ ਵਿੱਚ ਉਤਰੇ ਅਤੇ ਉਨ੍ਹਾਂ ਨੇ ਵੀ ਮੁਗਲੀਆ ਸੈਨਾ ਨਾਲ ਲੋਹਾ ਲਿਆ। ਛੋਟੀ ਜਿਹੀ ਉਮਰ ਵਿੱਚ ਉਨ੍ਹਾਂ ਨੇ ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਉਹ ਵੀ ਸ਼ਹੀਦ ਹੋ ਗਏ। ਇਹ ਪੂਰਾ ਨਜ਼ਾਰਾ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਕਿਲੇ ਤੋਂ ਦੇਖ ਰਹੇ ਸਨ। ••

## 9 ਪੋਹ



**ਸ੍ਰੀ ਗੁਰੂ** ਗੋਬਿੰਦ ਸਿੰਘ ਜੀ ਇਸ ਯੁੱਧ ਵਿੱਚ ਜਾਣਾ ਚਾਹੁੰਦੇ ਸਨ ਪਰ ਹੋਰ ਸਿੱਖਾਂ ਨੇ ਆਪਣੇ ਅਧਿਕਾਰਾਂ ਦਾ ਇਸਤੇਮਾਲਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਉਥੋਂ ਜਾਣ ਲਈ ਕਿਹਾ। ਗੁਰੂ ਸਾਹਿਬ ਇਸਨੂੰ ਮੰਨਣ ਨੂੰ ਤਿਆਰ ਨਹੀਂ ਸਨ ਪਰ ਹੋਰ ਸਿੱਖਾਂ ਦੇ ਅੱਗੇ ਉਨ੍ਹਾਂ ਨੂੰ ਮਜਬੂਰ ਹੋ ਕੇ ਉਥੋਂ ਜਾਣਾ ਪਿਆ। ਇਸ ਦਰਮਿਆਨ ਉਥੇ ਬਚੇ ਸਿੱਖਾਂ ਨੇ ਮੁਗਲੀਆ ਸੈਨਾ ਨਾਲ ਯੁੱਧ ਕੀਤਾ ਅਤੇ ਲੜਦੇ-ਲੜਦੇ ਸ਼ਹੀਦ ਹੋ ਗਏ। ••

## 10 ਪੋਹ




**ਜਦੋਂ ਸ੍ਰੀ** ਗੁਰੂ ਗੋਬਿੰਦ ਸਿੰਘ ਜੀ ਇੱਕ ਪਿੰਡ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਬੀਬੀ ਹਰਸ਼ਰਨ ਕੌਰ ਮਿਲੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਆਦਰਸ਼ ਮੰਨਦੀ ਸੀ। ਉਨ੍ਹਾਂ ਨੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ, ਤਦ ਉਨ੍ਹਾਂ ਦੀ ਸ਼ਹੀਦੀ ਬਾਰੇ ਪਤਾ ਲੱਗਾ। ਇਹ ਸੁਣ ਕੇ ਬੀਬੀ ਹਰਸ਼ਰਨ ਕੌਰ ਤੁਰੰਤ ਚਮਕੌਰ ਪਹੁੰਚੀ, ਜਿੱਥੇ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਦੇਖਿਆ। ਮੁਗਲ ਚਾਹੁੰਦੇ ਸਨ ਕਿ ਇਨ੍ਹਾਂ ਦਾ ਅੰਤਿਮ ਸੰਸਕਾਰ ਨਾ ਕੀਤਾ ਜਾ ਸਕੇ ਅਤੇ ਚੀਲਾਂ, ਗਿੱਧ ਇਨ੍ਹਾਂ ਨੂੰ ਖਾਣ, ਪਰ ਬੀਬੀ ਹਰਸ਼ਰਨ ਕੌਰ ਨੇ ਉਥੇ ਪਹੁੰਚ ਕੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕੀਤਾ। ਇਹ ਸਭ ਮੁਗਲ ਸੈਨਾ ਨੇ ਦੇਖ ਲਿਆ। ਉਨ੍ਹਾਂ ਨੇ ਬੀਬੀ ਹਰਸ਼ਰਨ ਕੌਰ ਨੂੰ ਗੁਰੂ ਸਾਹਿਬ ਬਾਰੇ ਪੁੱਛਿਆ ਪਰ ਉਨ੍ਹਾਂ ਕੁਝ ਨਹੀਂ ਦੱਸਿਆ, ਇਸ ਤੋਂ ਬਾਅਦ ਮੁਗਲਾਂ ਨੇ ਉਨ੍ਹਾਂ ਨੂੰ ਵੀ ਅੱਗ ਵਿੱਚ ਧਕੇਲ ਦਿੱਤਾ ਅਤੇ ਉਹ ਸ਼ਹੀਦ ਹੋ ਗਈ। ••

## 11-12 ਪੋਹ



**ਮਾਤਾ ਗੁਜਰੀ** ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਂ ਨੇ ਕੈਦ ਕਰ ਲਿਆ ਸੀ। ਇਸ ਦਿਨ ਉਸਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਪੇਸ਼ੀ ਸੀ, ਜਿੱਥੇ ਵਜੀਰ ਖਾਨ ਨ ਛੋਟੇ ਸਾਹਿਬਜ਼ਾਦਿਆਂ ਨੂੰ ਬੇਹੱਦ ਡਰਾਇਆ-ਧਮਕਾਇਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ, ਪਰ ਛੋਟੇ ਸਾਹਿਬਜ਼ਾਦਿਆਂ ਨੇ ਬਹਾਦਰੀ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ 'ਅਸੀਂ ਗੋਬਿੰਦ ਸਿੰਘ ਦੇ ਬੇਟੇ ਹਾਂ। ਮਰ ਜਾਵਾਂਗੇ ਪਰ ਧਰਮ ਨਹੀਂ ਤਿਆਗਾਂਗੇ।' ਇਸ ਦੌਰਾਨ ਉਨ੍ਹਾਂ ਨੇ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਗਾਏ, ਜਿਸਨੂੰ ਸੁਣ ਕੇ ਵਜ਼ੀਰ ਖਾਂ ਅਤੇ ਹੋਰ ਲੋਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਅਗਲੇ ਦਿਨ ਆਉਣ ਲਈ ਕਿਹਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਕਲ ਜਾਂ ਤਾਂ ਧਰਮ ਪਰਿਵਰਤਨ ਕਰੋ ਜਾਂ ਮਰਨ ਲਈ ਤਿਆਰ ਰਹੋ। ••

## 13 ਪੋਹ



**ਠੰਡੇ ਬੁਰਜ** ਵਿੱਚ ਕੈਦ ਸਾਹਿਬਜ਼ਾਦਿਆਂ ਦੀ ਦਾਦੀ ਮਾਤਾ ਗੁਜਰੀ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਬੇਹੱਦ ਪਿਆਰ ਨਾਲ ਤਿਆਰ ਕਰਕੇ ਦੋਬਾਰਾ ਸੂਬੇ ਦੀ ਕਚਹਿਰੀ ਵਿੱਚ ਭੇਜਿਆ। ਇੱਥੇ ਇੱਕ ਵਾਰ ਫਿਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਕਿਹਾ ਪਰ ਸਾਹਿਬਜ਼ਾਦਿਆਂ ਨੇ ਫਿਰ ਮਨਾ ਕਰ ਦਿੱਤਾ। ਇੱਕ ਵਾਰ ਫਿਰ ਜੈਕਾਰੇ ਲੱਗਣ ਲੱਗੇ। ਇਹ ਸੁਣ ਵਜ਼ੀਰ ਖ਼ਾਨ ਤਿਲਮਿਲਾ ਉੱਠਿਆ ਅਤੇ ਉਸਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਇਹ ਸੁਣਕੇ ਵੀ ਛੋਟੇ ਸਾਹਿਬਜਦਿਆਂ ਦਾ ਹੌਸਲਾ ਨਹੀਂ ਡਗਮਗਾਇਆ। ਇਸ ਤਰ੍ਹਾਂ ਵਜ਼ੀਰ ਖ਼ਾਨ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਕਰਵਾ ਦਿੱਤਾ। ਜਿਉਂ ਹੀ ਮਾਤਾ ਗੁਜਰੀ ਜੀ ਤੱਕ ਇਹ ਖ਼ਬਰ ਪਹੁੰਚੀ, ਉਨ੍ਹਾਂ ਨੇ ਵੀ ਪ੍ਰਾਣ ਤਿਆਗ ਦਿੱਤੇ ਅਤੇ ਇਸ ਇੱਕ ਦਿਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ••

## 14 ਪੋਹ




**ਵਜ਼ੀਰ ਖ਼ਾਨ** ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਦੀਵਾਨ ਟੋਡਰ ਮੱਲ ਨੇ ਵਜ਼ੀਰ ਖ਼ਾਨ ਤੋਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਮੰਗੀ। ਵਜ਼ੀਰ ਖ਼ਾਨ ਨੇ ਟੋਡਰਮੱਲ ਅੱਗੇ ਸ਼ਰਤ ਰੱਖੀ ਕਿ ਉਹ ਜਿੰਨੀ ਜਗ੍ਹਾ 'ਤੇ ਸੰਸਕਾਰ ਕਰਨਾ ਚਾਹੁੰਦਾ ਹੈ, ਉਨੀ ਜਗ੍ਹਾ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਦੇਵੇ। ਇਹ ਸੁਣਕੇ ਟੋਡਰਮੱਲ ਨੇ ਉਸ ਪੂਰੇ ਹਿੱਸੇ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਲੈ ਲਈ ਅਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ••

ਆਵਾਜ਼ਿ ਕੌਮ AWAZE QAUM
International Newspaper & WEB TV

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net

---

ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)

www.damdamitaksal.net

ਨਾਮ ਜਪੋ ਕਿਰਤ ਕਰੋ ਵੰਡ ਛਕੋ — Naam Japo Kirat Karo Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net


---


ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---


## ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾਲ਼ਸਾ ਮੈਮੋਰੀਅਲ ਹਸਪਤਾਲ

## ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



**+91 98767-50784 +91 98767-50784**

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ


## ਮਹਿਤਾ ਚੌਂਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

## SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV





# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**
**98150-83338**
**70879-59639**




ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

ਸੱਦਾ ਪੱਤਰ

# 8ਵੀਂ ਬਰਸੀ ਦੀ ਮਿੱਠੀ ਯਾਦ ਮੌਕੇ

## ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦਾ ਭੋਗ 21 ਦਸੰਬਰ ਨੂੰ



ਸਵ. ਸ. ਪਿਆਰਾ ਸਿੰਘ ਜੀ ਪਹਿਲਵਾਨ

ਸਵਰਗੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਜੀ ਦੀ

## 8ਵੀਂ ਬਰਸੀ ਤੇ ਮਿੱਠੀ ਯਾਦ ਮੌਕੇ

ਪਰਿਵਾਰ ਵਲੋਂ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਅਰੰਭ ਸ੍ਰੀ ਅਖੰਡਪਾਠ ਸਾਹਿਬ 19 ਦਸੰਬਰ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਅਤੇ ਭੋਗ ਸ੍ਰੀ ਅਖੰਡਪਾਠ ਸਾਹਿਬ 21 ਦਸੰਬਰ 2025 ਦਿਨ ਐਤਵਾਰ ਸਵੇਰੇ 10 ਵਜੇ ਪਾਏ ਜਾਣਗੇ

**ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਦਾ ਹਜ਼ੂਰੀ ਜਥਾ ਕੀਰਤਨ ਕਰੇਗਾ। ਸਿੱਖ ਪ੍ਰਚਾਰਕ ਬਾਬਾ ਬਘੇਲ ਸਿੰਘ ਜੀ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ। ਭਾਈ ਹਰਮੇਲ ਸਿੰਘ ਦਿਲਬਰ ਦਾ ਢਾਡੀ ਜੱਥਾ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ।**

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।

ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਅਕਾਲ ਪੁਰਖ ਵਲੋਂ ਬਖਸੀ ਹੋਈ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ 16 ਦਸੰਬਰ 2017 ਸਾਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ **ਅੱਠਵੀਂ ਬਰਸੀ** 'ਤੇ ਪਰਿਵਾਰ ਵਲੋਂ ਮਿੱਠੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਕਰਵਾਏ ਜਾ ਰਹੇ ਹਨ ।

**ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਪਹੁੰਚ ਕੇ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ**

--- ★ ਗੁਰਦੁਆਰਾ ਸਾਹਿਬ ਦਾ ਪਤਾ ★----

**Gurdawara Nanaksar Pleck 4 Wellington St, Walsall , WS2 9QR, West Midlands , Tel. : 01922 641040**

-- ★ ਸਤਿਗੁਰੂ ਦੇ ਭਾਣੇ ਵਿੱਚ ★--

| | | | |
|---|---|---|---|
| ਬੀਬੀ ਗੁਰਮੀਤ ਕੌਰ | (ਪਤਨੀ) | ਕੁਲਵਿੰਦਰ ਕੌਰ | (ਪੁੱਤਰੀ) |
| ਰਘਵੀਰ ਸਿੰਘ | (ਪੁੱਤਰ) | ਜਸਵਿੰਦਰ ਕੌਰ | (ਪੁੱਤਰੀ) |
| ਜਰਨੈਲ ਸਿੰਘ | (ਪੁੱਤਰ) | ਅਤੇ ਸਮੂਹ ਪਰਿਵਾਰ | |

Contact : 07830202647 (Jarnail Singh Johal), 07976210161 (Raghbir Singh)

ਆਵਾਜ਼ਿ ਕੌਮ AWAZE QAUM
International Newspaper & WEB TV





## ਮੁੱਖ ਮੰਤਰੀ ਸਿਹਤ ਬੀਮਾ ਯੋਜ਼ਨਾ ਦੀ ਸ਼ੁਰੂਆਤ 1 ਜਨਵਰੀ 2026 ਤੋਂ- ਡਿਪਟੀ ਕਮਿਸ਼ਨਰ

# ਕਾਰਡ ਬਣਾਉਣ ਲਈ ਪੰਜਾਬ ਦਾ ਵਸਨੀਕ ਹੋਣਾ ਲਾਜ਼ਮੀ

**• ਜ਼ਿਲ੍ਹੇ ਦੇ ਸਾਰੇ ਕਾਮਨ ਸਰਵਿਸ ਸੈਂਟਰਾਂ ਤੇ ਬਣਾਏ ਜਾ ਸਕਦੇ ਹਨ ਕਾਰਡ • ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਹੋਵੇਗਾ ਸਿਹਤ ਬੀਮਾ**

ਬਠਿੰਡਾ, 19 ਦਸੰਬਰ (ਗੁਰਜੰਟ ਸਿੰਘ ਨਥੇਹਾ)- ਪੰਜਾਬ ਸਰਕਾਰ ਵੱਲੋਂ ਨਿਵੇਕਲੀ ਕਿਸਮ ਦੀ ਮੁੱਖ ਮੰਤਰੀ ਸਿਹਤ ਬੀਮਾ ਯੋਜ਼ਨਾ ਦੀ ਸ਼ੁਰੂਆਤ 1 ਜਨਵਰੀ 2026 ਤੋਂ ਕੀਤੀ ਜਾ ਰਹੀ ਹੈ। ਇਹ ਕਾਰਡ ਕਾਰਡ ਬਣਾਉਣ ਲਈ ਪੰਜਾਬ ਦਾ ਵਸਨੀਕ ਹੋਣਾ ਲਾਜ਼ਮੀ ਹੈ ਅਤੇ ਕਾਰਡ ਤੇ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਹੋਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਰਾਜ਼ੇਸ ਧੀਮਾਨ ਨੇ ਮੁੱਖ ਮੰਤਰੀ ਸਿਹਤ ਬੀਮਾ ਯੋਜ਼ਨਾ ਤਹਿਤ ਜ਼ਿਲ੍ਹੇ ਅੰਦਰ ਬਣਾਏ ਜਾਣ ਵਾਲੇ ਮੁੱਖ ਮੰਤਰੀ ਸਿਹਤ ਬੀਮਾ ਕਾਰਡਾਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਗਾਊਂ ਤਿਆਰੀਆਂ ਨੂੰ ਲੈ ਕੇ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ ਧੀਮਾਨ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜ਼ਨਾ ਦਾ ਮਕਸਦ ਵੱਧ ਤੋਂ ਵੱਧ ਲੋਕਾਂ ਨੂੰ ਸਿਹਤ ਸਹੂਲਤਾਂ ਦਾ ਲਾਭ ਪਹੁੰਚਾਉਣਾ ਹੈ ਤਾਂ ਜੋ ਹੇਠਲੇ ਪੱਧਰ ਤੱਕ ਆਮ ਲੋਕਾਂ ਨੂੰ ਇਨ੍ਹਾਂ ਸਹੂਲਤਾਂ ਦਾ ਲਾਹਾ ਪ੍ਰਾਪਤ ਹੋ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਕਾਰਡ ਬਨਾਉਣ ਲਈ ਨਾ ਤਾਂ ਕੋਈ ਉਮਰ ਦੀ ਹੱਦ ਹੈ ਅਤੇ ਨਾ ਹੀ ਕੋਈ ਆਮਦਨ ਦੀ ਹੱਦ ਹੈ। ਕਾਰਡ ਬਨਾਉਣ ਲਈ ਸਿਰਫ਼ ਪੰਜਾਬ ਦਾ ਵਸਨੀਕ ਹੋਣਾ ਜ਼ਰੂਰੀ ਹੈ। ਕਾਰਡ ਆਪਣੇ ਪਿੰਡ ਜਾਂ ਸ਼ਹਿਰ ਦੇ ਕਿਸੇ ਵੀ ਨੇੜਲੇ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ.) ਵਿਖੇ ਬਣਾਏ ਜਾ ਸਕਦੇ ਹਨ। ਕਾਰਡ ਬਨਾਉਣ ਸਮੇਂ ਵਿਅਕਤੀ ਕੋਲ ਆਧਾਰ ਕਾਰਡ, ਵੋਟ ਕਾਰਡ ਅਤੇ ਮੋਬਾਇਲ ਨੰਬਰ ਹੋਣਾ ਲਾਜ਼ਮੀ ਹੈ ਅਤੇ ਇਹ ਵੀ ਜ਼ਰੂਰੀ ਹੈ ਕਿ ਸਬੰਧਤ ਵਿਅਕਤੀ ਦਾ ਆਧਾਰ ਕਾਰਡ ਮੋਬਾਇਲ ਨੰਬਰ ਨਾਲ ਲਿੰਕ ਹੋਵੇ। ਮੁੱਖ ਮੰਤਰੀ ਸਿਹਤ ਬੀਮਾ ਯੋਜ਼ਨਾ ਦਾ ਲਾਹਾ ਲੈਣ ਲਈ ਹਰ ਵਿਅਕਤੀ ਲਈ ਇਹ ਕਾਰਡ ਬਨਾਉਣਾ ਜ਼ਰੂਰੀ ਹੈ। ਇਸ ਕਾਰਡ ਬਨਾਉਣ ਲਈ ਪਰਿਵਾਰ ਦੇ ਮੁਖੀ ਦੀ ਆਈ.ਡੀ ਬਣੇਗੀ ਅਤੇ ਉਸ ਆਈ.ਡੀ ਵਿੱਚ ਸਾਰੇ ਪਰਿਵਾਰਕ ਮੈਂਬਰਾਂ ਦੀ ਡਿਟੇਲ ਦਰਜ ਕੀਤੀ ਜਾਵੇਗੀ। ਉਸ ਉਪਰੰਤ ਪਰਿਵਾਰ ਦੇ ਹਰ ਮੈਂਬਰ ਨੂੰ ਸਿਹਤ ਬੀਮਾ ਕਾਰਡ ਬਣਾਉਣ ਲਈ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ.) ਵਿਖੇ ਜਾ ਕੇ ਕੇ.ਵਾਈ.ਸੀ. ਕਰਵਾਉਣੀ ਲਾਜ਼ਮੀ ਹੋਵੇਗੀ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਇਸ ਯੋਜਨਾ ਦਾ ਵੱਧ ਤੋਂ ਵੱਧ ਲੋਕਾਂ ਤੱਕ ਲਾਭ ਪਹੁੰਚਾਉਣ ਲਈ ਪਿੰਡਾਂ ਦੇ ਸਰਪੰਚਾਂ, ਨੰਬਰਦਾਰਾਂ, ਆਸ਼ਾ ਵਰਕਰਾਂ, ਆਂਗਨਵਾੜੀ ਵਰਕਰਾਂ ਅਤੇ ਐਨ.ਜੀ.ਓਜ਼ ਆਦਿ ਦਾ ਪੂਰਾ ਸਹਿਯੋਗ ਲੈਂਦਿਆਂ ਇੱਕ ਟੀਮ ਵਾਂਗ ਰਲ ਕੇ ਕੰਮ ਕੀਤਾ ਜਾਵੇ ਤਾਂ ਜੋ ਜ਼ਿਲ੍ਹੇ ਅੰਦਰ ਕੋਈ ਵਿਅਕਤੀ ਮੁੱਖ ਮੰਤਰੀ ਸਿਹਤ ਬੀਮਾ ਯੋਜ਼ਨਾ ਦਾ ਕਾਰਡ ਬਨਾਉਣ ਤੋਂ ਵਾਂਝਾਂ ਨਾ ਰਹਿ ਸਕੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਪੂਨਮ ਸਿੰਘ, ਮੁੱਖ ਮੰਤਰੀ ਖੇਤਰੀ ਅਫ਼ਸਰ ਸ੍ਰੀ ਰਮਨਜੀਤ, ਜ਼ਿਲ੍ਹਾ ਮੈਡੀਕਲ ਕਮਿਸ਼ਨਰ ਡਾ. ਰਮਨ ਸਿੰਗਲਾ, ਸੀ.ਐਸ.ਸੀ. ਬਠਿੰਡਾ ਦੇ ਜ਼ਿਲ੍ਹਾ ਮੈਨੇਜਰ ਸ਼੍ਰੀ ਤਰਸੇਮ ਸਿੰਘ ਬਰਾੜ ਤੋਂ ਇਲਾਵਾ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ। ••

ਆਵਾਜ਼ਿ ਕੌਮ AWAZE QAUM International Newspaper & WEB TV



ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਅੰਮ੍ਰਿਤ ਸੰਚਾਰ

## 27 ਦਸੰਬਰ 2025

ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਰਿਵਾਰ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਹੋਵੇਗਾ

ਸ਼ਨਿੱਚਰਵਾਰ 27 ਦਸੰਬਰ ਬਾਅਦ ਦੁਪਹਿਰ 2 ਵਜੇ ਅੰਮ੍ਰਿਤ ਦਾ ਬਾਟਾ ਤਿਆਰ ਹੋਵੇਗਾ।



ਕੱਕਾਰਾ ਦੀ ਸੇਵਾ ਗੁਰਦੁਆਰਾ ਸਾਹਿਬ ਜੀ ਵੱਲੋਂ ਭੇਟਾਂ ਰਹਿਤ ਦਿੱਤੇ ਜਾਣਗੇ।

ਅੰਮ੍ਰਿਤ ਛਕਣ ਵਾਲੀ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ 2 ਘੰਟੇ ਪਹਿਲਾਂ 12 ਵਜੇ ਪਹੁੰਚਣ ਦੀ ਕਿਰਪਾਲਤਾ ਕਰਨੀ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☚ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

### ਬਲਜੀਤ ਕੌਰ ਮੱਤੇਵਾਲ ਤੇ ਗੁਰਬੀਰ ਸਿੰਘ ਮੱਲ੍ਹੀ ਮੱਤੇਵਾਲ ਨੇ

# ਸ਼ੁਕਰਾਨੇ ਵਜੋਂ ਗੁ. ਗੁਰੂ ਕੀ ਬੇਰ ਸਾਹਿਬ ਮੱਥਾ ਟੇਕਿਆ











**ਚੌਕ ਮਹਿਤਾ 19 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਜ਼ਿਲਾ ਪ੍ਰੀਸ਼ਦ ਜ਼ੋਨ ਮਜੀਠਾ-2 (ਤਰਸਿੱਕਾ) ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਜੀਤ ਕੌਰ ਮੱਤੇਵਾਲ ਧਰਮ ਪਤਨੀ ਪਰਮਜੀਤ ਸਿੰਘ ਮੱਤੇਵਾਲ ਬਾਠ ਪੀ ਬੀ ਐੱਸ ਮੌਲ ਚੌਕ ਮਹਿਤਾ ਵਾਲੇ ਅਤੇ ਬਲਾਕ ਸੰਮਤੀ ਜ਼ੋਨ ਮੱਤੇਵਾਲ ਤੋਂ ਉਮੀਦਵਾਰ ਗੁਰਬੀਰ ਸਿੰਘ ਮੱਲ੍ਹੀ ਮੱਤੇਵਾਲ ਨੇ ਆਪਣੇ ਵਿਰੋਧੀ ਨੂੰ ਹਰਾ ਕੇ ਜਿੱਤ ਦਰਜ ਕੀਤੀ। ਜਿੱਤਣ ਉਪਰੰਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਸ਼ੁਕਰਾਨਾ ਕਰਨ ਲਈ ਪਹੁੰਚੇ ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਨਤਮਸਤਕ ਹੋ ਕੇ ਜਿੱਤ ਲਈ ਸ਼ੁਕਰਾਨੇ ਦੀ ਅਰਦਾਸ ਕਰਵਾਈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਨੇ ਬੀਬੀ ਬਲਜੀਤ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਗੁਰਬੀਰ ਸਿੰਘ ਮੱਲ੍ਹੀ ਮੈਂਬਰ ਬਲਾਕ ਸੰਮਤੀ ਅਤੇ ਪਰਮਜੀਤ ਸਿੰਘ ਮੱਤੇਵਾਲ ਬਾਠ ਪਤੀ ਪੀ ਬੀ ਐੱਸ ਮੌਲ ਚੌਕ ਮਹਿਤਾ ਬੀਬੀ ਬਲਜੀਤ ਕੌਰ ਤੋਂ ਇਲਾਵਾ ਹੋਰ ਆਗੂਆਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕਰਦਿਆਂ ਆਸ਼ੀਰਵਾਦ ਦਿੱਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਜੀਤ ਕੌਰ ਗੁਰਬੀਰ ਸਿੰਘ ਮੱਲ੍ਹੀ ਅਤੇ ਪਰਮਜੀਤ ਸਿੰਘ ਬਾਠ ਮੱਤੇਵਾਲ ਪੀ ਬੀ ਐੱਸ ਮੌਲ ਚੌਕ ਮਹਿਤਾ ਵਾਲਿਆਂ ਨੇ ਆਪਣੀ ਜਿੱਤ ਲਈ ਹਲਕੇ ਦੇ ਲੋਕਾਂ ਤੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਦਾ ਹੀ ਹਲਕੇ ਦੇ ਲੋਕਾਂ ਤੇ ਤਲਬੀਰ ਸਿੰਘ ਗਿੱਲ ਦੇ ਰਹਿਣਗੇ ਜਿਨ੍ਹਾਂ ਨੇ ਸਾਡੇ 'ਤੇ ਭਰੋਸਾ ਪ੍ਰਗਟਾਇਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਹਰਪਾਲ ਸਿੰਘ ਮੱਤੇਵਾਲ, ਹੈਡ ਗ੍ਰੰਥੀ ਗਿਆਨੀ ਸੁਲੱਖਣ ਸਿੰਘ ਬੋਪਾਰਾਏ,ਰਣਜੀਤ ਸਿੰਘ ਰਾਣਾ ਬਾਠ ਬਾਬੋਵਾਲ, ਬਾਬਾ ਬਲਰਾਜ ਸਿੰਘ ਰਾਜਾ ਬੁਲਾਰੀਆ, ਜਗਰੂਪ ਸਿੰਘ ਬੋਪਾਰਾਏ, ਡਾਕਟਰ ਬਲਵਿੰਦਰ ਸਿੰਘ, ਸੁਲੱਖਣ ਸਿੰਘ ਮੱਤੇਵਾਲ, ਤਰਸੇਮ ਸਿੰਘ ਗਾਰਡ, ਗੁਰਸੇਵਕ ਸਿੰਘ, ਬਲਦੇਵ ਸਿੰਘ, ਜਸਪਾਲ ਸਿੰਘ, ਹਰਦੇਵ ਸਿੰਘ, ਫੁੰਮਣ ਸਿੰਘ ਸਾਰੇ ਹੀ ਮੈਂਬਰ ਪੰਚਾਇਤ ਮੱਤੇਵਾਲ, ਰਾਣਾ ਜਿਊਲਰਜ਼, ਦਵਿੰਦਰ ਸਿੰਘ ਟੇਲਰ ਮੱਤੇਵਾਲ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਸਰਪੰਚ ਪ੍ਰੇਮ ਸਿੰਘ ਤਰਫਾਨ, ਬਲਕਾਰ ਸਿੰਘ ਬਾਠ ਪੀ ਬੀ ਐੱਸ ਮੌਲ ਚੌਕ ਮਹਿਤਾ ਸਤਨਾਮ ਸਿੰਘ ਬਾਠ ਮੱਤੇਵਾਲ ਪੀ ਬੀ ਐੱਸ ਮੌਲ ਚੌਕ ਮਹਿਤਾ ਵਾਲੇ, ਨਿੰਦਰ ਸਿੰਘ ਭੋਏ, ਧਰਮਿੰਦਰ ਸਿੰਘ ਸਾਧਪੁਰ, ਅਤੇ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

### ਹਲਕਾ ਜਗਰਾਉਂ ਦੇ 4 ਬਲਾਕ ਸੰਮਤੀ ਮੈਂਬਰ ਜਿੱਤਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਹੌਸਲੇ ਬੁਲੰਦ

# ਕਲੇਰ ਤੇ ਗਰੇਵਾਲ ਨੇ ਜੇਤੂ ਬਲਾਕ ਸੰਮਤੀ ਮੈਂਬਰਾਂ ਦਾ ਕੀਤਾ ਸਨਮਾਨ



ਜਗਰਾਉਂ -(ਵਰਿਆਮ ਹਠੂਰ) ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਐੱਸ ਆਰ ਕਲੇਰ ਦੇ ਗ੍ਰਹਿ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ 4 ਬਲਾਕ ਸੰਮਤੀ ਮੈਂਬਰ ਬੀਬੀ ਸਤਪਾਲ ਕੌਰ ਲੀਲਾ, ਬੀਬੀ ਅਮਰਜੀਤ ਕੌਰ ਦੇਹੜਕਾ, ਗੁਰਪ੍ਰੀਤ ਸਿੰਘ ਬਿੱਟੂ ਲੰਮੇ, ਸੁਰਿੰਦਰ ਸਿੰਘ ਡੱਲਾ ਨੂੰ ਜਿੱਤਣ ਉਪਰੰਤ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ, ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਸ੍ਰੀ ਐਸ.ਆਰ.ਕਲੇਰ, ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ, ਅਤੇ ਕਮਲਜੀਤ ਸਿੰਘ ਮੱਲ੍ਹਾ ਨੇ ਜੇਤੂ ਉਮੀਵਾਰਾਂ ਨੂੰ ਦਿੱਤੀ। ਇਸ ਮੌਕੇ ਐੱਸ ਆਰ ਕਲੇਰ ਅਤੇ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਬਲਾਕ ਸੰਮਤੀ ਦੇ ਉਤਸ਼ਾਹੀ ਨਤੀਜਿਆਂ ਦੇ ਭਵਿੱਖ ਲਈ ਚੰਗੇ ਸੰਕੇਤ ਹਨ। ਉਨ੍ਹਾਂ ਕਿਹਾ ਕਿ ਬਲਾਕ ਸੰਮਤੀ ਦੇ ਉਤਸ਼ਾਹੀ ਚੋਣ ਨਤੀਜਿਆਂ ਅਤੇ ਅਕਾਲੀ ਦਲ ਦਾ ਵੋਟ ਫ਼ੀਸਦੀ ਵਧਣ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੇ ਹੌਸਲੇ ਬੁਲੰਦ ਹੋਏ ਹਨ। ਉਨ੍ਹਾਂ ਅੱਗੇ ਕਿਹਾ ਕਿ ਆਪ ਨੂੰ 18,701 ,ਕਾਂਗਰਸ ਨੂੰ 17,884 ਅਤੇ ਸ਼੍ਰੋਮਣੀ ਅਕਾਲੀ ਦਲ ਨੂੰ 17535 ਵੋਟਾਂ ਮਿਲੀਆਂ ਹਨ। ਇਸ ਤਰਾਂ ਵੱਧਦੇ ਵੋਟ ਪ੍ਰਤੀਸ਼ਤ ਦੇ ਨਾਲ ਅਕਾਲੀ ਦਲ ਮੁੜ ਮਜਬੂਤ ਪ੍ਰਭਾਵ ਛੱਡਣ 'ਚ ਕਾਮਯਾਬ ਰਿਹਾ ਇਸ ਲਈ ਆਉਣ ਵਾਲਾ ਸਮਾਂ ਸ਼੍ਰੋਮਣੀ ਅਕਾਲੀ ਦਲ ਦਾ ਹੈ ਤੇ ਅਸੀਂ ਵੱਡੇ ਮਾਰਜਨ ਨਾਲ ਜਿੱਤ ਦਰਜ ਕਰਕੇ ਸਰਕਾਰ ਬਣਾਵਾਂਗੇ। ਸਤਿਕਾਰਯੋਗ ਵੋਟਰਾਂ ਅਤੇ ਸਪੋਟਰਾਂ ਨੇ ਸਾਡੇ ਭਰੋਸੇ ਨੂੰ ਮਜਬੂਤ ਕੀਤਾ ਹੈ। ਸਾਰੇ ਵੋਟਰਾਂ ਅਤੇ ਸਪੋਟਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ, ਇਸ ਮੌਕੇ ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਨੰਬਰਦਾਰ ਜਸਵੀਰ ਸਿੰਘ ਦੇਹੜਕਾ, ਸੁਖਵਿੰਦਰ ਸਿੰਘ ਕਾਲਾ ਚੀਮਾ, ਸਾਬਕਾ ਸਰਪੰਚ ਜਸਦੇਵ ਸਿੰਘ ਲੀਲਾ, ਯੂਥ ਆਗੂ ਸੰਦੀਪ ਸਿੰਘ ਮੱਲਾ, ਬਲਰਾਜ ਸਿੰਘ ਗਰੇਵਾਲ, ਜਗਜੀਤ ਸਿੰਘ ਡੱਲਾ, ਜੱਥੇਦਾਰ ਸੁਖਦੇਵ ਸਿੰਘ ਦੇਹੜਕਾ, ਜਸਵਿੰਦਰ ਜੱਸ ਖੈਹਿਰਾ ਦੇਹੜਕਾ, ਬਹਾਦੁਰ ਸਿੰਘ ਸਾਬਕਾ ਮੈਂਬਰ ਲੀਲਾ, ਹਰਚਰਨ ਸਿੰਘ ਸਾਬਕਾ ਸਰਪੰਚ ਲੀਲਾ, ਲਖਵਿੰਦਰ ਸਿੰਘ ਲੀਲਾਂ ਸਾਬਕਾ ਬਲਾਕ ਸੰਮਤੀ ਮੈਂਬਰ, ਦਵਿੰਦਰ ਸਿੰਘ ਪੰਚ ਲੀਲਾ, ਅਵਤਾਰ ਸਿੰਘ ਲੀਲਾ, ਸਰਬਜੀਤ ਕੌਰ ਲੀਲਾ, ਜਗਦੀਪ ਸਿੰਘ ਗਰੇਵਾਲ ਲੀਲਾ, ਗੁਰਮੀਤ ਸਿੰਘ ਦੇਹੜਕਾ, ਪ੍ਰਿਤਪਾਲ ਸਿੰਘ ਮੱਲਾ, ਗੁਰਦੇਵ ਸਿੰਘ ਦੇਹੜਕਾ, ਮੰਗਤ ਸਿੰਘ ਲੰਮਾ, ਜਗਦੇਵ ਸਿੰਘ ਨੰਬਰਦਾਰ ਲੰਮਾ, ਅਵਤਾਰ ਸਿੰਘ ਲੰਮਾ ,ਜਸਵੰਤ ਸਿੰਘ ਸੰਤਾਂ ਲੰਮਾ, ਨਿਰਪਾਲ ਸਿੰਘ ਲੰਮਾ, ਜਰਨੈਲ ਸਿੰਘ ਲੰਮਾ, ਗੁਰਚਰਨ ਸਿੰਘ ਲੰਮਾ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਮਰੀਜ਼ਾਂ ਲਈ ਸਹਾਰਾ ਕਲੱਬ ਤਲਵੰਡੀ ਸਾਬੋ ਵੱਲੋਂ ਦਾਨ ਕੀਤੇ 10 ਕੰਬਲ



ਤਲਵੰਡੀ ਸਾਬੋ, 19 ਦਸੰਬਰ (ਗੁਰਜੰਟ ਸਿੰਘ ਨਥੇਹਾ)- ਅੱਜ ਤਲਵੰਡੀ ਸਾਬੋ ਵਿੱਚ ਚੱਲ ਰਹੀ ਠੰਢ ਦੀ ਲਹਿਰ ਦੇ ਮੱਦੇਨਜ਼ਰ, ਸਹਾਰਾ ਕਲੱਬ ਤਲਵੰਡੀ ਸਾਬੋ ਵੱਲੋਂ ਸੀਨੀਅਰ ਮੈਡੀਕਲ ਅਫ਼ਸਰ, ਸਿਵਲ ਹਸਪਤਾਲ ਤਲਵੰਡੀ ਸਾਬੋ, ਡਾ. ਰਵੀ ਕਾਂਤ ਗੁਪਤਾ ਦੀ ਅਪੀਲ 'ਤੇ 10 ਕੰਬਲ ਦਾਨ ਕੀਤੇ ਗਏ। ਇਹ ਦਾਨ ਠੰਢ ਦੀ ਲਹਿਰ ਵਿੱਚ ਇਲਾਜ ਲਈ ਦਾਖਲ ਹੋਣ ਵਾਲੇ ਮਰੀਜ਼ਾਂ ਲਈ ਕੀਤਾ ਗਿਆ, ਜਿਸ ਨਾਲ ਉਹਨਾਂ ਨੂੰ ਠੰਢ ਤੋਂ ਬਚਾਉਣ ਵਿੱਚ ਮਦਦ ਮਿਲੀ। ਕਲੱਬ ਦੇ ਪ੍ਰਧਾਨ, ਸ. ਧੰਨਾ ਸਿੰਘ ਨੇ ਕਿਹਾ ਕਿ ਸਹਾਰਾ ਕਲੱਬ ਦਾ ਮੁੱਖ ਉਦੇਸ਼ ਸਮਾਜ ਦੀ ਸੇਵਾ ਕਰਨਾ ਹੈ ਅਤੇ ਇਸ ਤਰ੍ਹਾਂ ਦੇ ਯੋਗਦਾਨ ਨਾਲ ਸਮਾਜ ਵਿੱਚ ਇੱਕ ਪ੍ਰੇਰਣਾ ਦਾ ਸਰੋਤ ਬਣਦਾ ਹੈ। ਸੀਨੀਅਰ ਮੈਡੀਕਲ ਅਫ਼ਸਰ, ਡਾ. ਰਵੀ ਕਾਂਤ ਗੁਪਤਾ ਨੇ ਸਹਾਰਾ ਕਲੱਬ ਦੇ ਇਸ ਮਨੁੱਖਤਾ ਭਰਪੂਰ ਯੋਗਦਾਨ ਦੀ ਸਰਾਹਨਾ ਕਰਦੇ ਹੋਏ ਕਲੱਬ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਸਮਾਜ ਲਈ ਪ੍ਰੇਰਣਾ ਦੇ ਸਰੋਤ ਹਨ।

# ਇਤਿਹਾਸਕ ਪਿੰਡ ਚਕਰ ਤੋਂ ਬਲਾਕ ਸੰਮਤੀ ਦੀ ਚੋਣ ਜਿੱਤਣ ਤੋਂ ਬਾਅਦ ਨੰਬਰਦਾਰ ਚਮਕੌਰ ਸਿੰਘ ਨੇ ਵੋਟਰਾਂ ਦਾ ਕੀਤਾ ਧੰਨਵਾਦ



ਜਗਰਾਉਂ -(ਵਰਿਆਮ ਹਠੂਰ) ਆਮ ਆਦਮੀ ਪਾਰਟੀ ਵੱਲੋਂ ਇਤਿਹਾਸਕ ਪਿੰਡ ਚਕਰ ਤੋਂ ਬਲਾਕ ਸੰਮਤੀ ਦੀ ਚੋਣ ਜਿੱਤਣ ਤੋਂ ਬਾਅਦ ਨੰਬਰਦਾਰ ਚਮਕੌਰ ਸਿੰਘ ਚਕਰ ਨੇ ਸਮੂਹ ਵੋਟਰਾਂ ਅਤੇ ਸਪੋਟਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਪ੍ਰੈੱਸ ਨਾਲ ਗੱਲਬਾਤ ਕਰਦਿਆਂ ਨੰਬਰਦਾਰ ਚਮਕੌਰ ਸਿੰਘ ਚਕਰ ਨੇ ਕਿਹਾ ਕਿ ਜਿੱਥੇ ਮੈਂ ਪਿੰਡ ਚਕਰ ਦੇ ਸਤਿਕਾਰਯੋਗ ਵੋਟਰਾਂ ਅਤੇ ਸਪੋਟਰਾਂ ਦਾ ਧੰਨਵਾਦ ਕਰਦਾਂ ਹਾਂ ਜਿੰਨ੍ਹਾਂ ਨੇ ਮੈਨੂੰ ਜਿਤਾਉਣ ਲਈ ਆਪਣਾ ਕੀਮਤੀ ਵੋਟ ਪਾਇਆ, ਉੱਥੇ ਮੈਂ ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਅਤੇ ਸਮੁੱਚੀ ਹਾਈ ਕਮਾਂਡ ਦਾ ਵੀ ਧੰਨਵਾਦ ਕਰਦਾਂ ਹਾਂ ਜਿੰਨ੍ਹਾਂ ਨੇ ਮੈਨੂੰ ਬਲਾਕ ਸੰਮਤੀ ਦੀ ਚੋਣ ਲੜਨ ਦਾ ਮੌਕਾ ਦਿੱਤਾ, ਉਨ੍ਹਾਂ ਕਿਹਾ ਕਿ ਜਿਸ ਆਸ ਤੇ ਵਿਸ਼ਵਾਸ ਨਾਲ ਮੈਨੂੰ ਮੇਰੇ ਪਿੰਡ ਦੇ ਵੋਟਰਾਂ ਨੇ ਵੋਟ ਪਾ ਕੇ ਬਲਾਕ ਸੰਮਤੀ ਮੈਂਬਰ ਚੁਣਿਆ, ਮੈਂ ਵੀ ਜੋ ਬਲਾਕ ਸੰਮਤੀ ਮੈਂਬਰ ਦੇ ਕੰਮ ਹਨ ਉਨ੍ਹਾਂ ਨੂੰ ਕਰਕੇ ਆਪਣਾ ਅਹਿਮ ਰੋਲ ਅਦਾ ਕਰਾਂਗਾ, ਅੰਤ ਵਿੱਚ ਉਨ੍ਹਾਂ ਕਿਹਾ ਕਿ ਚੋਣਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਪਰ ਨਗਰ ਵਿੱਚ ਆਪਸੀ ਭਾਈਚਾਰਕ ਸਾਂਝ ਹਮੇਸ਼ਾ ਕਾਇਮ ਰੱਖਣੀ ਚਾਹੀਦੀ ਹੈ। ਸਾਡੇ ਪਿੰਡ ਚਕਰ ਵਿੱਚ ਨਗਰ ਨਿਵਾਸੀਆਂ ਨੇ ਸਾਂਤੀ ਪੂਰਵਕ ਵੋਟਾਂ ਦਾ ਕੰਮ ਨੇਪਰੇ ਚਾੜ੍ਹਿਆ ਤੇ ਕਿਸੇ ਵੀ ਕਿਸਮ ਦਾ ਕੋਈ ਝਗੜਾ ਨਹੀਂ ਹੋਇਆ, ਮੈਂ ਸਾਰੇ ਨਗਰ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾਂ ਹਾਂ,

# ਜਰਮਨ ਉਦੋਨੰਗਲ ਕਰੀਬ 3700 ਵੋਟਾਂ ਦੀ ਲੀਡ ਨਾਲ ਜਿੱਤੇ ਜਿਲਾ ਪ੍ਰੀਸ਼ਦ ਚੋਣ



**ਚੌਕ ਮਹਿਤਾ, 1 9ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਜਿਲਾ ਪ੍ਰੀਸ਼ਦ ਜੋਨ ਮਹਿਤਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਰਮਨ ਉਦੋਨੰਗਲ ਨੇ ਕਰੀਬ 3700 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਜਿਕਰਯੋਗ ਹੈ ਕਿ ਉਹ ਆਪਣੇ ਜੱਦੀ ਪਿੰਡ ਉਦੋਨੰਗਲ ਤੋਂ ਤਕਰੀਬਨ 250 ਵੋਟਾਂ ਦੀ ਲੀਡ ਲੈਕੇ ਅੱਗੇ ਵੱਧੇ ਸਨ। ਬੀਤੀ ਦੇਰ ਰਾਤ ਐਲਾਨੇ ਗਏ ਇਸ ਨਤੀਜੇ ਦੌਰਾਨ ਜੋਨ ਮਹਿਤਾ ਦੇ ਪਿੰਡਾਂ ਵਿਚ 'ਆਪ' ਵਰਕਰਾਂ ਵੱਲੋਂ ਢੋਲ ਦੇ ਡਗੇ ਤੇ ਭੰਗੜੇ ਪਾਕੇ ਜਿੱਤ ਦੇ ਜਸ਼ਨ ਮਨਾਏ ਗਏ। ਅੱਜ ਇਥੇ ਜਿਲਾ ਪ੍ਰੀਸ਼ਦ ਮੈਂਬਰ ਜਰਮਨ ਉਦੋ ਨੰਗਲ ਨੇ ਜੋਨ ਮਹਿਤਾ ਅਧੀਨ ਪੈਂਦੇ 42 ਪਿੰਡਾਂ ਦੇ ਵੋਟਰਾਂ ਦਾ ਸਾਥ ਦੇਣ 'ਤੇ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਆਖਿਆ ਕਿ ਚੋਣ ਪ੍ਰਚਾਰ ਦੌਰਾਨ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਹਲਕਾ ਜੰਡਿਆਲਾ ਗੁਰੂ ਅੰਦਰ ਕਰਵਾਏ ਕੰਮਾਂ ਦਾ ਰਿਪੋਰਟ ਕਾਰਡ ਲੈਕੇ ਉਹ ਲੋਕਾਂ ਦੀ ਕਚਿਹਰੀ ਵਿਚ ਵੋਟ ਮੰਗਣ ਗਏ ਸਨ, ਜਿੱਥੇ ਲੋਕਾਂ ਨੇ ਮੰਤਰੀ ਈ.ਟੀ.ਓ. ਦੇ ਕੰਮਾਂ 'ਤੇ ਸੰਤੁਸ਼ਟੀ ਪ੍ਰਗਟਾਈ ਅਤੇ ਡੱਟ ਕੇ ਸਾਥ ਦੇਣ ਦਾ ਭਰੋਸਾ ਦਿੱਤਾ। ਉਨਾਂ ਇਸ ਜਿੱਤ ਨੂੰ 'ਆਪ' ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਅਤੇ ਮੰਤਰੀ ਈ.ਟੀ.ਓ. ਪ੍ਰਤੀ ਲੋਕਾਂ ਦੇ ਵਿਸ਼ਵਾਸ਼ ਦੀ ਜਿੱਤ ਦੱਸਿਆ।

# ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ 'ਚ ਬੀਜੇਪੀ ਨੇ ਪਿੰਡਾਂ ਵਿੱਚ ਵੀ ਬਣਾਈ ਮਜ਼ਬੂਤੀ: ਨੀਲੂ ਮਿੱਤਲ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਵਿੱਚ ਲੰਘੀਆਂ ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੌਰਾਨ ਭਾਜਪਾ ਪਿੰਡ ਪਿੰਡ ਆਪਣੀ ਪੋਲਿੰਗ ਬੂਥ ਲਾਉਣ ਵਿੱਚ ਕਾਮਯਾਬ ਹੋ ਗਈ ਹੈ। ਜਿਸ ਤੋਂ ਸਾਫ ਨਜ਼ਰ ਆ, ਰਿਹਾ ਹੈ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੀਜੇਪੀ ਪੰਜਾਬ ਵਿੱਚ ਸਰਕਾਰ ਬਣਾਉਣ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਆਗੂ ਕ੍ਰਿਸਨ ਗੋਪਾਲ ਨੀਲੂ ਮਿੱਤਲ ਨੇ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਨੇ ਪੰਜਾਬ ਦੇ ਪਿੰਡਾਂ ਪਿੰਡਾਂ ਤੱਕ ਆਪਣੀ ਮਜ਼ਬੂਤ ਪਕੜ ਬਣਾ ਲਈ ਹੈ ਜਿਸ ਨਾਲ ਵਿਰੋਧੀ ਪਾਰਟੀਆਂ ਦੇ ਹੋਸ਼ ਉੱਡ ਚੁੱਕੇ ਹਨ। ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੇ ਨਤੀਜੇ ਸਾਫ਼ ਦੱਸਦੇ ਹਨ ਕਿ ਅੱਜ ਭਾਜਪਾ ਸਿਰਫ਼ ਸ਼ਹਿਰਾਂ ਤੱਕ ਸੀਮਿਤ ਨਹੀਂ ਰਹੀ, ਬਲਕਿ ਹਰ ਪਿੰਡ ਅਤੇ ਹਰ ਘਰ ਤੱਕ ਪਹੁੰਚ ਗਈ ਹੈ। ਉਨਾ ਕਿਹਾ ਕਿ ਪਿੰਡ ਵਾਸੀਆਂ ਨੇ ਮੋਦੀ ਸਰਕਾਰ ਦੀਆਂ ਲੋਕ-ਹਿਤੈਸ਼ੀ ਨੀਤੀਆਂ 'ਤੇ ਭਰੋਸਾ ਜਤਾਇਆ ਅਤੇ ਵਿਕਾਸ ਲਈ ਭਾਜਪਾ ਨੂੰ ਖੁੱਲ੍ਹੇ ਦਿਲ ਨਾਲ ਸਹਿਯੋਗ ਦਿੱਤਾ। ਹਰ ਪਿੰਡ, ਹਰ ਗਲੀ ਤੋਂ ਮਿਲਿਆ ਇਹ ਸਮਰਥਨ ਭਾਜਪਾ ਦੀ ਵਧਦੀ ਲੋਕਪ੍ਰਿਯਤਾ ਅਤੇ ਮਜ਼ਬੂਤ ਆਧਾਰ ਦਾ ਸਪਸ਼ਟ ਸਬੂਤ ਹੈ।

ਸ਼ਹੀਦੀ ਹਫਤਾ ਵਿਸ਼ੇਸ਼

# 6 ਪੋਹ ਨੂੰ ਕਿਲ੍ਹਾ ਅਨੰਦਗੜ੍ਹ ਸਾਹਿਬ ਛੱਡਣਾ




ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਕੋਟਿਨ-ਕੋਟਿ ਪ੍ਰਣਾਮ ।ਖ਼ਾਲਸੇ ਦੀ ਜਨਮ ਭੂਮੀ ਹੈ, ਸ੍ਰੀ ਅਨੰਦਪੁਰ ਸਾਹਿਬ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸ ਪਾਵਨ ਪਵਿੱਤਰ ਧਰਤੀ ਤੇ ਆਪਣੀ ਜ਼ਿੰਦਗੀ ਦੇ 27 ਸਾਲ ਦਾ ਲੰਮਾ ਸਮਾਂ ਟਿਕਾਣਾ ਕੀਤਾ ਤੇ ਕਈ ਮਹਾਨ ਕਾਰਜ ਕੀਤੇ ।ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸ ਪਾਵਨ ਪਵਿੱਤਰ ਧਰਤੀ ਦੀ ਚੋਣ ਕਰਨ ਤੋਂ ਪਹਿਲਾਂ ਜਿੰਨ੍ਹਾਂ ਗੱਲਾਂ ਦਾ ਧਿਆਨ ਰੱਖਿਆ, ਜੋ ਖਾਕਾ ਤਿਆਰ ਕੀਤਾ ਸੀ ਉਸ ਬਾਰੇ ਪ੍ਰਿੰ. ਸਤਿਬੀਰ ਸਿੰਘ ਲਿੱਖਦੇ ਹਨ ਕਿ ਉਹ ਅਸਥਾਨ ਪਹਾੜੀਆਂ ਨਾਲ ਘਿਰਿਆ ਹੋਵੇ, ਕੁਦਰਤੀ ਨਜ਼ਾਰਿਆਂ ਨਾਲ ਰਮਣੀਕ ਹੋਵੇ, ਰਣਨੀਤੀ ਅਨੁਸਾਰ ਅਗੰਮ, ਅਡਿੱਗ ਤੇ ਅਜਿੱਤ ਹੋਵੇ। ਇਸ ਨਗਰੀ ਦਾ ਨੀਂਹ ਪੱਥਰ 19 ਜੂਨ ਸੰਨ 1665 ਦਿਨ ਸੋਮਵਾਰ ਮੁਤਾਬਿਕ 21 ਹਾੜ੍ਹ 1722 ਬਿਕਰਮੀ ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਰੱਖਿਆ। ਇਸ ਧਰਤੀ ਦਾ ਪਹਿਲਾਂ ਨਾਂਅ ਮਾਖੋਵਾਲ ਸੀ। ਮਾਖੋ ਇੱਕ ਡਾਕੂ ਸੀ। (ਕਿਸੇ ਨੇ ਮਾਖੋਂ ਨੂੰ ਡਾਕੂ ਲਿਖਿਆ, ਕਿਸੇ ਨੇ ਦੈਂਤ ਲਿਖਿਆ ਤੇ ਕਿਸੇ ਨੇ ਚੌਧਰੀ ਲਿਖਿਆ ਹੈ) ਜਿਸਦੇ ਡਰ ਕਾਰਨ ਉੱਥੇ ਕੋਈ ਵੱਸਦਾ ਨਹੀ ਸੀ। ਗੁਰੂ ਤੇਗ ਬਹਾਦਰ ਜੀ ਨੇ ਮਾਖੋਵਾਲ ਦੇ ਨਾਲ ਲੱਗਦੀ ਜ਼ਮੀਨ ਰਾਜਾ ਦੀਪ ਚੰਦ ਕਹਿਲੂਰ ਦੇ ਕੋਲੋਂ ਖ੍ਰੀਦ ਲਈ ਸੀ। ਦੀਪ ਚੰਦ ਕਹਿਲੂਰ ਰਾਜਾ ਤਾਰਾ ਚੰਦ ਦਾ ਪੁੱਤਰ ਸੀ, ਜਿਸਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਛੁਡਵਾਇਆ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਹ ਜ਼ਮੀਨ ਰਾਜਾ ਦੀਪ ਚੰਦ ਕਹਿਲੂਰ ਕੋਲੋਂ 22000 ਰੁਪੈ ਵਿੱਚ ਖ੍ਰੀਦ ਲਈ ਸੀ। (ਕਈ ਵਿਦਵਾਨਾਂ ਨੇ ਇਹ ਜ਼ਮੀਨ 500 ਰੁਪੈ ਵਿੱਚ ਖ੍ਰੀਦੀ ਵੀ ਲਿਖਿਆ ਹੈ) ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਉੱਥੇ ਜਾਣ ਨਾਲ ਮਾਖੋ ਡਾਕੂ ਉੱਥੋਂ ਚਲਿਆ ਗਿਆ ਸੀ। 'ਗੁਰੂ ਸੋਭਾ ਗ੍ਰੰਥ' ਦਾ ਲਿਖਾਰੀ ਲਿੱਖਦਾ ਹੈ ਕਿ :

'ਮਾਖੋਵਾਲ ਸੁਹਾਵਣਾ ਸਤਿਗੁਰ ਕੋ ਅਸਥਾਨ'

ਫਿਰ ਇਸ ਨਾਂਅ ਨੂੰ ਸਤਿਗੁਰੂ ਤੇਗ ਬਹਾਦਰ ਜੀ ਨੇ ਬਦਲ ਕੇ ਆਪਣੀ ਪੂਜਨੀਕ ਮਾਤਾ ਨਾਨਕੀ ਜੀ ਦੇ ਨਾਂਅ ਤੇ 'ਚੱਕ ਨਾਨਕੀ' ਰੱਖ ਦਿੱਤਾ ਸੀ। ਨਾਲ ਵੱਸਦੇ ਸਤਲੁਜ ਤੋਂ ਪਾਣੀ ਦੀ ਪੂਰਤੀ ਕੀਤੀ ਜਾਂਦੀ ਸੀ ਤੇ ਨਾਲ ਹੀ ਇਹ ਸਤਲੁਜ ਦੁਸ਼ਮਣ ਲਈ ਰੋਕ ਦਾ ਕੰਮ ਵੀ ਕਰਦਾ ਸੀ। ਭੱਟ ਵਹੀਆਂ ਵਿੱਚ ਵੀ ਲਿਖਿਆ ਮਿਲਦਾ ਹੈ ਕਿ:

ਗੁਰੂ ਤੇਗ ਬਹਾਦਰ ਜੀ ਮਹਲਾ ਨਾਵਾ, ਸਾਲ ਸਤਾਰਾਂ ਸੈ ਬਾਈਸ।
ਆਸਾੜ ਪਰਵਿਸਟੈ ਸੋਮਵਾਰ ਕੋ, ਮਾਖੋਵਾਲ ਕੇ ਥੇਹ ਪਰ ਗ੍ਰਾਮ ਵਸਾਇਆ।
ਨਾਮ ਚੱਕ ਨਾਨਕੀ ਰਖਾ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਰਚ 1673 ਈ: ਨੂੰ ਦਸਵੇਂ ਪਾਤਸ਼ਾਹ ਬਾਲ ਗੋਬਿੰਦ ਜੀ ਦੇ ਰੂਪ ਵਿੱਚ ਪਟਨੇ ਤੋਂ ਪ੍ਰੀਵਾਰ ਸਮੇਤ ਪਹਿਲੀ ਵਾਰ ਇੱਥੇ ਆਏ ਤਾਂ ਆਉਣ ਸਮੇਂ ਉਹਨਾਂ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਾਹਮਣੇ ਅਨੰਦ ਸਾਹਿਬ ਦੀ ਬਾਣੀ ਪੜ੍ਹੀ ਤਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਬਹੁਤ ਪ੍ਰਸੰਨ ਹੋਏ ਤੇ ਉਹਨਾਂ 'ਚੱਕ ਨਾਨਕੀ' ਦਾ ਨਾਂਅ 'ਅਨੰਦਪੁਰ ਸਾਹਿਬ' ਰੱਖ ਦਿੱਤਾ ।ਇਸ ਤੋਂ ਬਾਦ ਇਸ ਪਵਿੱਤਰ ਨਗਰੀ ਦਾ ਨਾਂਅ 'ਸ੍ਰੀ ਅਨੰਦਪੁਰ ਸਾਹਿਬ' ਪ੍ਰਸਿੱਧ ਹੋ ਗਿਆ ।ਗਿਆਨੀ ਗਿਆਨ ਸਿੰਘ ਇਸ ਦਾ ਜ਼ਿਕਰ ਆਪਣੀ ਲਿੱਖਤ ਵਿੱਚ ਕਰਦੇ ਹਨ:

ਜੈਸੇ ਪੂਰਾ ਗੁਰੂ ਬਹੁ ਗ੍ਰਾਮ ਹੈ ਬਸਾਏ,
ਤੈਸੇ ਤੁਮ ਭੀ ਨਗਰ ਏਕ ਰਚੀਏ ਸੁਛੰਦ ਹੈ।
ਐਸੇ ਮਨ ਧਾਰਿਕੈ ਨਿਹਾਰ ਕੈ ਜ਼ਮੀਨ ਵਰ,
ਬਾਂਧਯੋ ਅਨੰਦਪੁਰ ਦਾਇ ਪਰਮਾਨੰਦ ਹੈ।

ਭਾਈ ਕਾਹਨ ਸਿੰਘ ਨਾਭਾ ਵੀ ਮਹਾਨ ਕੋਸ਼ ਵਿੱਚ ਲਿੱਖਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਤਦ੍ਰਵ(ਸਤਲੁਜ) ਦੇ ਕਿਨਾਰੇ ਨੈਣਾ ਦੇਵੀ ਦੇ ਪਹਾੜ ਪਾਸ ਮਾਖੋਵਾਲ ਪਿੰਡ ਦੀ ਧਰਤੀ ਖ੍ਰੀਦ ਕੇ ਸੰਮਤ 1723 ਵਿੱਚ ਇਹ ਨਗਰ ਅਬਾਦ ਕੀਤਾ ਸੀ। ਦਸ਼ਮੇਸ਼ ਜੀ ਨੇ ਇਸ ਨਗਰ ਨੂੰ ਵੱਡੀ ਰੌਣਕ ਦਿੱਤੀ। ਇਹ ਨਗਰ 'ਖਾਲਸੇ ਦੀ ਵਾਸੀ' ਕਰਕੇ ਪ੍ਰਸਿੱਧ ਹੈ, ਜਿਸਦਾ ਭਾਵ ਹੈ ਕਿ ਜੋ ਗੁਰੂ ਪਿਤਾ ਦਾ ਨਿਵਾਸ ਅਸਥਾਨ ਹੈ, ਉਹੀ ਉਸਦੀ ਸੰਤਾਨ ਰੂਪੀ ਖਾਲਸੇ ਦਾ ਸਥਾਨ ਹੈ। ਇੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਲੰਬਾ ਸਮਾਂ ਟਿਕਾਣਾ ਕੀਤਾ। ਇੱਥੇ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਵਿੱਤਰ ਸੀਸ ਦਾ ਸਸਕਾਰ ਕੀਤਾ ਗਿਆ। ਇੱਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਹੋਈ। ਰਾਜ ਤਿਲਕ ਦੀ ਰਸਮ ਅਦਾ ਕਰਕੇ ਗੁਰਗੱਦੀ ਸੰਭਾਲੀ। ।

ਸੰਘਰਸ਼ ਦੀ ਦਾਸਤਾਨ–

ਇੱਥੋਂ ਹੀ ਸ੍ਰੀ ਅਨੰਦਪੁਰ ਸਾਹਿਬ ਤੋਂ ਸੰਘਰਸ਼ ਦੀ ਦਾਸਤਾਨ ਚੱਲਦੀ ਹੈ। ਰਾਜੇ ਭੀਮ ਚੰਦ ਦੇ ਈਰਖਾ ਕਰਨ ਤੇ ਗੁਰੂ ਜੀ ਦਾ ਪਾਉਂਟਾ ਸਾਹਿਬ ਜਾਣਾ ਤੇ ਬਾਈਧਾਰ ਦੇ ਰਾਜਿਆਂ ਨਾਲ ਜੰਗ ਕਰਨਾ, ਭੰਗਾਣੀ ਦੇ ਯੁੱਧ ਵਿੱਚ ਪਹਾੜੀ ਰਾਜਿਆਂ ਨੂੰ ਕਰਾਰੀ ਹਾਰ ਦੇਣਾ। ਉੱਥੋਂ ਸ੍ਰੀ ਅਨੰਦਪੁਰ ਸਾਹਿਬ ਵਾਪਸ ਆਉਣਾ ।ਇੱਥੇ ਹੀ ਚਾਰ ਸਾਹਿਬਜ਼ਾਦਿਆ ਦੇ ਜਨਮ ਹੋਣਾ ।ਇੱਥੇ ਹੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕਰਕੇ 'ਖਾਲਸਾ ਗੁਰੂ ਹੈ ਤੇ ਗੁਰੂ ਖਾਲਸਾ ਹੈ' ਦਾ ਵਰ ਦੇਣਾ। ਦਮਦਮਾ ਸਾਹਿਬ ਸਾਜਣਾ ਤੇ ਕੀਰਤਨ ਦਾ ਪ੍ਰਵਾਹ ਚਲਣਾ। ਇੱਥੇ ਹੀ ਹੋਲੇ ਮਹੱਲੇ ਦੀ ਰੀਤ ਚਲਾਈ। ਸ੍ਰੀ ਅਨੰਦਪੁਰ ਸਾਹਿਬ ਦੀ ਰੱਖਿਆ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1746 ਵਿੱਚ ਕੁੱਝ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ। ਕੁੱਲ ਕੋਈ ਛੇ ਸੱਤ ਕਿਲ੍ਹੇ ਤਿਆਰ ਕਰਵਾਏ ਸਨ।

1.ਅਨੰਦਗੜ੍ਹ ਦਾ ਕਿਲ੍ਹਾ 2. ਲੋਹਗੜ੍ਹ ਦਾ ਕਿਲ੍ਹਾ 3. ਕੇਸਗੜ੍ਹ ਸਾਹਿਬ ਦਾ ਕਿਲ੍ਹਾ (ਤਖਤ ਸ੍ਰੀ ਕੇਸਗੜ੍ਹ ਸਾਹਿਬ) 4. ਫਤੇਗੜ੍ਹ ਦਾ ਕਿਲ੍ਹਾ 5. ਹੋਲਗੜ੍ਹ ਦਾ ਕਿਲ੍ਹਾ 6. ਤਾਰਾਗੜ੍ਹ ਦਾ ਕਿਲ੍ਹਾ, 7. ਨਿਰਮੋਹਗੜ੍ਹ ਦਾ ਕਿਲ੍ਹਾ।

ਅਨੰਦਗੜ੍ਹ ਸਾਹਿਬ ਦਾ ਕਿਲ੍ਹਾ–

ਅਨੰਦਗੜ੍ਹ(ਪ੍ਰਸੰਨਤਾ ਦਾ ਕਿਲ੍ਹਾ) ਸ੍ਰੀ ਅਨੰਦਪੁਰ ਸਾਹਿਬ ਤੋਂ ਦੱਖਣ ਵੱਲ ਅੱਧ ਮੀਲ ਤੋਂ ਘੱਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ। ਇਹ ਸ੍ਰੀ ਅਨੰਦਪੁਰ ਸਾਹਿਬ ਦੀ ਰੱਖਿਆ ਤੇ ਸਿੱਖਾਂ ਦੀ ਰੱਖਿਆ ਲਈ ਬਣਵਾਇਆ ਕਿਲ੍ਹਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਿਲ੍ਹੇ ਬਣਵਾਏ ਸਨ, ਇਹ ਵੀ ਉਹਨਾਂ ਵਿੱਚੋਂ ਇੱਕ ਸੀ। ਇਹ ਕਿਲ੍ਹਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ 800 ਮੀਟਰ ਦੱਖਣ ਪੂਰਬ ਵਿੱਚ ਤੇ ਸ੍ਰੀ ਅਨੰਦਪੁਰ ਸਾਹਿਬ ਦੇ ਮੱਧ ਵਿੱਚ ਸਥਿੱਤ ਸੀ। ਇਹ ਕਿਲ੍ਹਾ ਸਭ ਤੋਂ ਉੱਚਾ ਲਗਭਗ 150 ਫੁੱਟ ਉੱਚਾ ਕਿਲ੍ਹਾ ਹੈ ।ਇਸ ਕਿਲ੍ਹੇ ਅੰਦਰ ਇੱਕ ਬਾਉਲੀ ਸੀ, ਜਿਸ ਦੀਆਂ ਪਉੜੀਆਂ ਉੱਤਰ ਕੇ ਚੜ੍ਹਨਾ ਔਖਾ ਹੋ ਜਾਂਦਾ ਸੀ। ਇਸ ਬਾਉਲੀ ਦੇ ਇਰਦ ਗਿਰਦ ਇਹੋ ਜਿਹੀਆਂ ਗੁਪਤ ਕੋਠੜੀਆਂ ਹਨ ਕਿ ਜਿੰਨ੍ਹਾਂ ਅੰਦਰ ਆਦਮੀ ਚਲਾ ਜਾਵੇ ਤਾਂ ਫਿਰ ਬਾਹਰ ਦਾ ਰਸਤਾ ਮਿਲਣਾ ਮੁਸ਼ਕਿਲ ਹੋ ਜਾਂਦਾ ਸੀ। ਇੱਥੇ ਦਰਬਾਰ ਬਹੁਤ ਵਧੀਆ ਬਣਿਆ ਹੋਇਆ ਹੈ।

ਉਸ ਵੇਲੇ ਤੇ ਅੱਜ ਵੱਸੋਂ ਵਿੱਚ ਬਹੁਤ ਵਾਧਾ ਹੋਇਆ ਹੈ ।ਵੱਸੋਂ ਵਿੱਚ ਵਾਧਾ ਹੋਣ ਨਾਲ ਬਹੁਤ ਜ਼ਿਆਦਾ ਜ਼ਮੀਨ ਵਰਤੋਂ ਵਿੱਚ ਲਿਆਦੀ ਗਈ। ਜੰਗਲਾਂ ਦਾ ਰਕਬਾ ਉਨ੍ਹਾਂ ਹੀ ਘੱਟਦਾ ਚਲਾ ਗਿਆ। ਵਿਕਾਸ ਦੇ ਨਾਂਅ ਤੇ ਦਰੱਖਤਾਂ ਦੀ ਬਲੀ ਦਿੱਤੀ ਗਈ। ਜੰਗਲਾਂ ਪਹਾੜੀਆਂ ਨੂੰ ਪੱਧਰਾ ਕਰਕੇ ਵਾਹੀਯੋਗ ਜ਼ਮੀਨ ਲਈ ਤਿਆਰ ਕੀਤਾ ਗਿਆ ।ਕਈ ਹਜ਼ਾਰਾਂ ਕਿੱਲੇ ਜ਼ਮੀਨ ਪੱਧਰੀ ਕੀਤੀ ਗਈ। ਜੋ ਕੇਸਗੜ੍ਹ ਸਾਹਿਬ ਦੇ ਥੱਲੇ ਸਤਲੁਜ ਦਰਿਆ ਵੱਗਦਾ ਸੀ ਜੋ ਇਸ ਕਿਲ੍ਹੇ ਦੀ ਖਾਈ ਦੇ ਰੂਪ ਵਿੱਚ ਰੱਖਿਆ ਵੀ ਕਰਦਾ ਸੀ। ਉਹ ਅੱਜ-ਕੱਲ ਪੰਜ ਕਿ: ਦੂਰ ਚਲਾ ਗਿਆ ਹੈ। 'ਹਿਮੈਤੀ ਨਾਲਾ' ਜੋ ਅਨੰਦਗੜ੍ਹ ਸਾਹਿਬ ਕਿਲ੍ਹੇ ਦੀ ਰੱਖਿਆ ਲਈ ਖਾਈ ਦਾ ਕੰਮ ਕਰਦਾ ਸੀ, ਉਹ ਤਾਂ ਬਿਲਕੁੱਲ ਹੀ ਖਤਮ ਹੋ ਗਿਆ ਹੈ ।ਕੁੱਝ ਪੁਰਾਣੇ ਗੁਰਦਵਾਰਾ ਸਾਹਿਬ ਢਾਹ ਕੇ ਉਸ ਜਗ੍ਹਾ ਨਵੇਂ ਉਸਾਰੇ ਗਏ ਹਨ।

ਜੰਗਾਂ-ਯੁੱਧਾਂ ਦਾ ਕਾਰਨ–ਗੁਰੂ ਗੋਬਿੰਦ ਸਿੰਘ ਸਾਹਿਬ ਜੀ ਯੁੱਧ ਨਿੱਜ਼ ਲਈ ਨਹੀ ਕਰਦੇ ਸਨ ।ਉਹ ਤਾਂ ਅਨਿਆ, ਬੇਇਨਸਾਫੀ ਦੇ ਖ਼ਿਲਾਫ਼ਲੜਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ 11 ਨਵੰਬਰ 1675 ਈ: ਨੂੰ (ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਾਲੇ ਦਿਨ) 9 ਸਾਲ ਦੀ ਉਮਰ ਵਿੱਚ ਹੋਈ। ਬਾਬਾ ਬੁੱਢਾ ਜੀ ਦੀ ਅੰਸ ਵਿੱਚੋਂ ਬਾਬਾ ਰਾਮ ਕੰਵਰ ਜੀ ਨੇ ਮਰਿਆਦਾ ਅਨੁਸਾਰ ਆਪ ਜੀ ਨੂੰ ਕਲਗੀ ਸਜਾ ਕੇ ਤੇ ਗੁਰਗੱਦੀ ਦਾ ਤਿਲਕ ਲਾ ਕੇ ਗੁਰਿਆਈ ਦੀ ਰਸਮ ਅਦਾ ਕੀਤੀ ।ਉਸ ਸਮੇਂ ਉਹਨਾਂ ਸਾਹਮਣੇ ਪਹਾੜ ਜਿੱਡੀਆਂ ਔਕੜਾਂ ਮੂੰਹ ਅੱਡੀ ਖੜੀਆਂ ਸਨ ।ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਉਹ ਬਹੁਤ ਹੀ ਕੱਟੜ ਸੁੰਨੀ ਮੁਸਲਮਾਨ ਸੀ। ਉਹ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮ ਦੀ ਹੋਂਦ ਨੂੰ ਸਹਿਣ ਕਰਨ ਨੂੰ ਤਿਆਰ ਨਹੀ ਸੀ। ਇਸੇ ਲਈ ਤਾਂ ਉਸਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ। ਔਰੰਗਜ਼ੇਬ ਦੇ ਵੱਧਦੇ ਹੋਏ ਜ਼ੁਲਮਾਂ ਨੂੰ ਰੋਕਣਾ ਬਹੁਤ ਹੀ ਜਰੂਰੀ ਹੋ ਗਿਆ ਸੀ। ਪਹਾੜੀ ਰਾਜੇ ਵੀ ਗੁਰੂ ਘਰ ਦੇ ਵਿਰੋਧੀ ਸਨ। ਤੀਜੇ ਧੀਰਮੱਲੀਏ, ਰਾਮਰਈਏ ਤੇ ਮੀਣੇ ਗੁਰਗੱਦੀ ਨਾ ਮਿਲਣ ਕਾਰਨ ਗੁਰੂ ਘਰ ਵਿਰੁੱਧ ਸਾਜਿਸ਼ਾਂ ਰਚ ਰਹੇ ਸਨ। ਚੌਥਾ ਮਸੰਦ ਪ੍ਰਣਾਲੀ ਵਿੱਚ ਦੋਸ਼ ਆ ਗਏ ਸਨ। ਉਸ ਸਮੇਂ ਹਿੰਦੂ ਵੀ ਸਦੀਆਂ ਦੀ ਗੁਲਾਮੀ ਕਾਰਨ ਉਤਸ਼ਾਹਹੀਨ ਸਨ। ਸਿੱਖਾਂ ਨੂੰ ਮੁੜ ਤੋਂ ਸੰਗਠਿਤ ਕਰਨ ਅਤੇ ਉਹਨਾਂ ਵਿੱਚ ਨਵੀਂ ਰੂਹ ਫੂਕਣ ਦੀ ਲੋੜ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਉਦੇਸ਼ ਸੰਸਾਰ ਵਿੱਚੋਂ ਜ਼ੁਲਮ ਦਾ ਨਾਸ਼ ਕਰਨਾ ਸੀ। ਆਪਣੇ ਇਸੇ ਉਦੇਸ਼ ਦੀ ਪੂਰਤੀ ਲਈ ਖਾਲਸੇ ਦੀ ਸਿਰਜਣਾ ਕਰਨੀ ਪਈ। 30 ਮਾਰਚ 1699 ਈ: ਨੂੰ ਗੁਰੂ ਸਾਹਬ ਨੇ ਹੱਥ ਵਿੱਚ ਨੰਗੀ ਤਲਵਾਰ ਲੈ ਕੇ ਜਦ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਪੰਡਾਲ ਵਿੱਚ ਸੰਨਾਟਾ ਛਾ ਗਿਆ। ਇਸ ਤਰ੍ਹਾਂ 'ਖਾਲਸਾ ਪੰਥ' ਦੀ ਸਿਰਜਨਾ ਕੀਤੀ ।ਐਸਾ ਅੰਮ੍ਰਿਤਧਾਰੀ ਖਾਲਸਾ ਸਾਜਿਆ, ਜਿਹੜਾ ਲੱਖਾਂ ਦੀ ਭੀੜ ਵਿੱਚੋਂ ਵੀ ਪਛਾਣਿਆ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਸਾਹਬ ਨੇ ਆਪ ਉਹਨਾਂ ਕੋਲੋਂ ਅੰਮ੍ਰਿਤ ਦੀ ਪਵਿੱਤਰ ਦਾਤ ਪ੍ਰਾਪਤ ਕਰਕੇ 'ਗੋਬਿੰਦ ਰਾਏ' ਤੋਂ 'ਗੋਬਿੰਦ ਸਿੰਘ' ਬਣ 'ਆਪੇ ਗੁਰ ਚੇਲਾ' ਅਖਵਾਏ।

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਖਾਲਸਾ ਪੰਥ ਦੀ ਸਿਰਜਨਾ ਸਿੱਖ ਇਤਹਾਸ ਦੀ ਇੱਕ ਅਤਿਅੰਤ ਘਟਨਾ ਮੰਨੀ ਜਾਂਦੀ ਹੈ। ਇਸ ਨਾਲ ਨਾ ਸਿਰਫ ਪੰਜਾਬ ਦੇ ਇਤਿਹਾਸ ਸਗੋਂ ਭਾਰਤ ਦੇ ਇਤਹਾਸ ਵਿੱਚ ਵੀ ਨਵਾਂ ਮੋੜ ਆਇਆ। ਅਸਲ ਵਿੱਚ ਖਾਲਸਾ ਪੰਥ ਦੀ ਸਿਰਜਨਾ ਦੇ ਬੜੇ ਦੂਰਗਾਮੀ ਸਿੱਟੇ ਨਿਕਲੇ, ਕਿਉਂਕਿ ਜਾਤ-ਪਾਤ ਦੀ ਪ੍ਰਥਾ ਭਾਰਤੀ ਸਮਾਜ ਦੀ ਸਭ ਤੋਂ ਵੱਡੀ ਕਮਜੋਰੀ ਰਹੀ ਹੈ। ਗੁਰੂ ਸਾਹਬ ਨੇ ਜਿਸ ਕਮਾਲ ਨਾਲ ਇਸ ਬੁਰਾਈ ਦਾ ਅੰਤ ਕੀਤਾ, ਉਹ ਭਾਰਤੀ ਇਤਿਹਾਸ ਵਿੱਚ ਲਾਮਿਸਾਲ ਹੈ, ਕਿਉਂਕਿ ਇੱਕੋਂ ਬਾਟੇ ਵਿੱਚੋਂ ਛੀਬਿਆਂ, ਨਾਈਆਂ ਅਤੇ ਝੀਰਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਅਥਵਾ ਅਕਾਲ ਪੁਰਖ ਦੀ ਫੌਜ ਦੇ ਨਿੱਡਰ ਸਿਪਾਹੀਆਂ ਦਾ ਰੂਪ ਦੇ ਦਿੱਤਾ। ਸਦੀਆਂ ਤੋਂ ਲਿਤਾੜੀ ਜਾ ਰਹੀ ਔਰਤ ਨੂੰ ਵੀ ਅੰਮ੍ਰਿਤ ਛਕਾ ਕੇ ਸਮਾਜ ਵਿੱਚ ਬਰਾਬਰੀ ਦਾ ਅਧਿਕਾਰ ਦਿੱਤਾ। ਪ੍ਰਸਿੱਧ ਲੇਖਕ ਹਕੀਮ ਅੱਲ੍ਹਾ ਯਾਰ ਖਾਂ ਜੋਗੀ 'ਗੰਜਿ ਸ਼ਹੀਦਾਂ' ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਬਾਰੇ ਲਿੱਖਦੇ ਹਨ ਕਿ:

ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਸਿੰਘ ਕਾ ਸਾਨੀ ਹੀ ਨਹੀਂ ਹੈ।

ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ–

ਗੁਰੂ ਸਾਹਬ ਜੀ ਦੀ ਚੜ੍ਹਦੀ ਕਲਾ ਵੇਖ ਕੇ ਪਹਾੜੀ ਰਾਜਿਆਂ ਦੀ ਨੀਂਦ ਹਰਾਮ ਹੋ ਗਈ। ਕਹਿਨੂਰ ਦੇ ਰਾਜੇ ਭੀਮ ਚੰਦ ਦੀ ਰਿਆਸਤ ਵਿੱਚ ਅਨੰਦਪੁਰ ਸਥਿੱਤ ਸੀ। ਗੁਰੂ ਜੀ ਨੂੰ ਅਨੰਦਪੁਰ ਸਾਹਿਬ ਛੱਡਣ ਲਈ ਕਿਹਾ ਗਿਆ ।(ਇਹ ਜ਼ਮੀਨ ਗੁਰੂ ਤੇਗ ਬਹਾਦਰ ਜੀ ਨੇ ਪੈਸੇ ਦੇ ਕੇ ਮੁੱਲ ਖਰੀਦੀ ਸੀ)। 1701 ਈ: ਵਿੱਚ ਰਾਜਾ ਭੀਮ ਚੰਦ ਨੇ ਪਹਾੜੀ ਰਾਜਿਆਂ ਨਾਲ ਮਿਲ ਕੇ ਗੁਰੂ ਸਾਹਿਬ ਤੇ ਅਨੰਦਪੁਰ ਵਿੱਚ ਹਮਲਾ ਕਰ ਦਿੱਤਾ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸਫਲਤਾ ਨਾ ਮਿਲਣ ਤੇ ਪਹਾੜੀ ਰਾਜਿਆਂ ਨੇ ਗੁਰੂ ਸਾਹਬ ਨਾਲ ਸੰਧੀ ਕਰ ਲਈ ਜੋ ਇੱਕ ਚਾਲ ਸੀ। ਇਸ ਤੋਂ ਬਾਅਦ ਕੀਰਤਪੁਰ ਦੇ ਨੇੜੇ ਨਿਰਮੋਹ ਪਿੰਡ ਦੀ ਲੜਾਈ 1702 ਈ: ਵਿੱਚ ਹੋਈ। ਜਿਸ ਵਿੱਚ ਖਾਲਸਾ ਜੇਤੂ ਰਿਹਾ।

ਫਿਰ 1704 ਈ: ਵਿੱਚ ਅਨੰਦਪੁਰ ਸਾਹਿਬ ਦੀ ਦੂਸਰੀ ਲੜਾਈ ਹੋਈ। ਜਿਸ ਵਿੱਚ ਫਿਰ ਤੋਂ ਪਹਾੜੀ ਰਾਜਿਆਂ ਨੇ ਮੁਗਲਾਂ ਨਾਲ ਰਲ ਕੇ ਲੱਖਾਂ ਦੀ ਫੌਜ਼ ਨੇ ਗੁਰੂ ਸਾਹਿਬ ਜੀ ਨੂੰ ਘੇਰਾ ਪਾ ਲਿਆ ।ਇਹ ਲੜਾਈ ਜੋ ਕਾਫੀ ਲੰਬੀ ਚਲੀ। ਜਿਸ ਵਿੱਚ ਭੁੱਖ ਦੇ ਸਤਾਏ ਹੋਏ 40 ਸਿੰਘ ਬੇਦਾਵਾ ਦੇ ਕੇ ਗੁਰੂ ਤੋਂ ਬੇਮੁੱਖ ਹੋ ਕੇ ਚਲੇ ਗਏ ਸਨ। ਗੁਰੂਸਾਹਿਬ ਜੀ ਨੇ ਸਿੱਖਾਂ ਨੂੰ ਬਥੇਰਾ ਸਮਝਾਇਆ ਕਿ ਥੋੜ੍ਹੇ ਦਿਨ ਹੋਰ ਠਹਿਰ ਜਾਉ। ਖਾਲਸੇ ਦੀ ਚੜ੍ਹਦੀ ਕਲਾ ਹੋਵੇਗੀ ਪਰ ਸਿੱਖ ਭੁੱਖ ਦਾ ਸਾਹਮਣਾ ਕਰਨ ਤੋਂ ਅਸਮਰੱਥ ਹੋ ਗਏ ਸਨ ਤੇ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣ ਲਈ ਕਾਹਲੇ ਸਨ ।ਗੁਰੂ ਜੀ ਡਟੇ ਰਹੇ, ਪਰ ਕੁੱਝ ਸਿੰਘ ਮਾਤਾ ਗੁਜਰੀ ਜੀ ਨੂੰ ਵਾਸਤੇ ਪਾਉਣ ਲੱਗੇ ਕਿ 'ਮਾਤਾ ਜੀ ਹੁਣ ਹੋਰ ਭੁੱਖ ਨਹੀ ਸਹਿ ਹੁੰਦੀ।' ਸਿੰਘਾਂ ਦੇ ਤੇ ਮਾਤਾ ਜੀ ਦੇ ਬਾਰ-ਬਾਰ ਕਹਿਣ ਤੇ ਆਪ ਨੇ 6 ਪੋਹ ਦੀ ਰਾਤ ਨੂੰ ਅਨੰਦਗੜ੍ਹ ਸਾਹਿਬ ਦੇ ਕਿਲ੍ਹੇ ਨੂੰ ਛੱਡ ਕੇ ਚਮਕੌਰ ਸਾਹਿਬ ਲਈ ਚਾਲੇ ਪਾ ਦਿੱਤੇ ਸਨ। ਅਨੰਦਗੜ੍ਹ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਦੀ ਦੇਰ ਸੀ ਕਿ ਸ਼ਾਹੀ ਫੌਜਾਂ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ ।ਬੜੀ ਘਮਸਾਣ ਦੀ ਲੜਾਈ ਹੋਈ। ਇਸ ਤੋਂ ਅੱਗੇ ਫਿਰ ਅਗਲੇ ਦਿਨਾਂ ਅਤੇ ਰਾਤਾਂ ਨੂੰ ਪੜਾਅ ਦਰ ਪੜਾਅ ਸ਼ਹੀਦੀਆਂ ਦਾ ਸਿਲਸਿਲਾ ਚੱਲਦਾ ਹੈ ।ਸਾਰੇ ਪ੍ਰੀਵਾਰ ਵਿੱਚ ਵਿਛੋੜਾ ਪੈ ਜ਼ਾਦਾ ਹੈ।

**ਲੇਖਕ- ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕਖਾਨਾ ਚੱਬਾ, ਤਰਨ ਤਾਰਨ ਰੋਡ, ਅੰਮ੍ਰਿਤਸਰ-143022**

ਭਾਈ ਹਰਦੀਪ ਸਿੰਘ ਜੀ ਨਿੱਝਰ ਦੀ ਸ਼ਹਾਦਤ ਨੂੰ

# 900 ਦਿਨ ਪੂਰੇ ਹੋਣ ਤੇ ਭਾਰਤੀ ਐਂਬੈਸੀ ਮੂਹਰੇ ਭਾਰੀ ਵਿਰੋਧ ਪ੍ਰਦਰਸ਼ਨ




ਨਵੀਂ ਦਿੱਲੀ 19 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਪੰਥ ਦੀ ਆਜ਼ਾਦੀ ਲਈ ਚਲ ਰਹੇ ਸੰਘਰਸ਼ ਵਿਚ ਹੋਏ ਸ਼ਹੀਦ ਅਤੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਸਾਬਕਾ ਮੁੱਖ ਸੇਵਾਦਾਰ ਜਥੇਦਾਰ ਭਾਈ ਹਰਦੀਪ ਸਿੰਘ ਜੀ ਨਿੱਝਰ ਜਿੰਨਾਂ ਨੂੰ ਭਾਰਤ ਦੀ ਸ਼ਿਹ ਉਪਰ ਗੁਰੂ ਘਰ ਦੀ ਹਦੂਦ ਦੇ ਵਿੱਚ ਗੋਲੀਆਂ ਮਾਰਕੇ ਸ਼ਹੀਦ ਕੀਤਾ ਗਿਆ, ਉਨਾਂ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਹਰ ਮਹੀਨੇ ਦੀ ਤਰਾਂ ਇਸ ਵਾਰ ਵੀ 18 ਦਸੰਬਰ ਨੂੰ ਵੈਨਕੂਵਰ ਭਾਰਤੀ ਐਂਬੈਸੀ ਅੱਗੇ ਭਾਰੀ ਰੋਸ ਮੁਜਾਹਿਰਾ ਕੀਤਾ ਗਿਆ। ਇਸ ਮੌਕੇ ਖਾਲਸਾਈ ਨਾਅਰੇਆਂ ਦੇ ਨਾਲ ਹਾਜ਼ਰੀਨ "ਮੈਂ ਵੀਂ ਨਿੱਝਰ" ਆਖ ਰਹੇ ਸਨ ।ਓਹ ਕਹਿ ਰਹੇ ਸਨ ਕਿ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਠਨਾਇਕ "ਆਈ ਐਮ ਨਿੱਝਰ ਸਾਨੂੰ ਕਤਲ ਕਰੋ" ਇਸ ਦੇ ਨਾਲ-ਨਾਲ ਭਾਰਤੀ ਹਕੂਮਤ ਨੂੰ ਵੰਗਾਰਾਂ ਪਾਈਆਂ ਗਈਆਂ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਇਕੱਤਰ ਹੋਈ ਅਤੇ ਇਹ ਫਰੀਡਮ ਰੈਲੀ ਆਈ ਐਮ ਨਿੱਝਰ "ਢਾਕਾ ਤੋਂ ਵੈਨਕੂਵਰ" ਨੂੰ ਸਮਰਪਿਤ ਕੀਤੀ ਗਈ ਸੀ ।ਇਸ ਮੌਕੇ ਸੰਗਤਾਂ ਵਲੋਂ ਮੁੜ ਭਾਰਤੀ ਐਂਬੈਸੀ ਨੂੰ ਬੰਦ ਕਰਨ ਦੀ ਮੰਗ ਜੋਰਾਂ ਤੇ ਚੁੱਕੀ ਗਈ । ਕੀਤੇ ਗਏ ਰੋਸ ਮੁਜਾਹਿਰੇ ਵਿਚ ਭਾਈ ਗੁਰਮੀਤ ਸਿੰਘ ਤੂਰ, ਭਾਈ ਮਨਜਿੰਦਰ ਸਿੰਘ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਜੈਪਾਲ ਸਿੰਘ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਰਜਿੰਦਰ ਸਿੰਘ ਨੱਤ, ਭਾਈ ਦਲਜੀਤ ਸਿੰਘ, ਭਾਈ ਜੈਗ ਸਿੱਧੂ, ਭਾਈ ਚਰਨਜੀਤ ਸਿੰਘ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ ।

ਲੋਕਾਂ ਵੱਲੋਂ ਚੁਣੇ ਨੁਮਾਇਦੇ ਨੂੰ ਪਾਰਲੀਮੈਂਟ ਸੈਸ਼ਨ ਵਿੱਚ ਸ਼ਾਮਿਲ ਨਾ ਹੋਣ ਦੇਣਾ ਲੋਕਤੰਤਰ ਦਾ ਘਾਣ

# ਵਾਰਿਸ ਪੰਜਾਬ ਦੇ ਅਕਾਲੀ ਦਲ ਜ਼ਿਲਾ ਪਟਿਆਲਾ ਟੀਮ



ਅੱਜ ਵਾਰਿਸ ਪੰਜਾਬ ਅਕਾਲੀ ਦਲ ਜ਼ਿਲ੍ਹਾ ਪਟਿਆਲਾ ਦੀ ਮੀਟਿੰਗ ਸ. ਕਾਬੁਲ ਸਿੰਘ ਓਬਜ਼ਰਵਰ ਮੇਂਬਰ ਕਾਰਜਕਰਨੀ ਕਮੇਟੀ ਪੰਜਾਬ, ਪ੍ਰੋ. ਸਤਿਨਾਮੁ ਕੌਰ ਮੁੱਖ ਬੁਲਾਰਾ ਪੰਜਾਬ,ਅਤੇ ਮੈਂਬਰ ਕਾਰਜਕਾਰੀ ਕਮੇਟੀ ਪੰਜਾਬ ਦੀ ਅਗਵਾਈ ਹੇਠ ਹੋਈ । ਜਿਸ ਵਿੱਚ ਵਿਚਾਰ ਹੋਏ ਕਿ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਨੂੰ ਲੋਕ ਸਭਾ ਸੈਸਨ ਵਿੱਚ ਸ਼ਾਮਲ ਨਾ ਹੋਣ ਦੇਣਾ ਤੇ ਹਾਈ ਕੋਰਟ ਵੱਲੋਂ ਪਟੀਸ਼ਨ ਖਾਰਜ ਕਰਨਾ ਲੋਕਤੰਤਰ ਦਾ ਘਾਣ ਕਰਨ ਹੈ । ਤੇ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਦੀ ਲੋਕ ਸਭਾ ਵਿੱਚ ਗੱਲ ਨਾ ਪਹੁੰਚਣੀ ਹਲਕੇ ਦੇ ਲੋਕਾਂ ਨਾਲ਼ ਧੱਕਾ ਹੈ ਤੇ ਪੰਜਾਬ ਸਰਕਾਰ ਤੋਂ ਲੋਕਾਂ ਦਾ ਭਰੋਸਾ ਉੱਠ ਚੁੱਕਾ ਹੈ । ਜੋ ਕਿ ਲੋਕਾਂ ਨੇ ਬਲਾਕ ਸੰਮਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਸਰਕਾਰ ਨੂੰ ਨਕਾਰ ਦਿੱਤਾ ਹੈ । ਇਸ ਕਰਕੇ ਆਮ ਆਦਮੀ ਪਾਰਟੀ ਭਾਈ ਅੰਮ੍ਰਿਪਾਲ ਸਿੰਘ ਖਾਲਸਾ ਦੀ ਲੋਕਪ੍ਰੀਤਾ ਤੋ ਘਬਰਾਈ ਹੋਈ ਹੈ ਤੇ ਸਾਲ 2027 ਵਿੱਚ ਵਾਰਿਸ ਪੰਜਾਬ ਅਕਾਲੀ ਦਲ ਪਾਰਟੀ ਦੀ ਸਰਕਾਰ ਬਣ ਰਹੀ ਹੈ । ਜਿਲੇ ਦੀ ਸਾਰੀ ਟੀਮ ਪਾਰਟੀ ਦੀ ਚੜ੍ਹਦੀ ਕਲਾਂ ਵਿੱਚ ਲਿਜਾਣ ਲਈ ਕੰਮ ਕਰਨ ਤੇ ਲੋਕਾਂ ਨੂੰ ਵੱਧ ਤੋਂ ਵੱਧ ਪਾਰਟੀ ਨਾਲ ਜੋੜਨ ਅਤੇ 21 ਦਸੰਬਰ ਨੂੰ ਸੰਗਮ ਪੈਲੇਸ ਦੇਵੀਗੜ੍ਹ ਵਿਖੇ ਹੋਣ ਜਾ ਰਹੀ ਲੋਕ ਮਿਲਣੀ ਮੀਟਿੰਗ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਬਾਰੇ ਵਿਚਾਰ ਵਟਾਂਦਰਾ ਹੋਇਆ , ਤਾਂ ਕੀ ਪਹੁੰਚ ਰਹੀ ਸਾਰੀ ਸੀਨੀਅਰ ਲੀਡਰਸ਼ਿਪ ਦੇ ਵਿਚਾਰ ਸੁਣੇ ਜਾ ਸਕਣ । ਜਿਸ ਵਿੱਚ ਪਾਰਟੀ ਦੇ ਸੀਨੀਅਰ ਆਗੂ ਬਾਪੂ ਤਰਸੇਮ ਸਿੰਘ ਪਿਤਾ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਪਾਲ ਸਿੰਘ, ਬੀਬੀ ਬਲਵਿੰਦਰ ਕੋਰ ਜੀ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਪਹੁੰਚੇ ਰਹੇ ਹਨ ਤੇ ਮੀਟਿੰਗ ਵਿੱਚ ਸ਼ਾਮਿਲ ਜਿਲਾ ਪਟਿਆਲਾ ਦੇ ਆਗੂ ਜਸਵਿੰਦਰ ਸਿੰਘ ਡਰੋਲੀ ਓਬਜ਼ਰਵਰ, ਸੁਖਬੀਰ ਸਿੰਘ ਬਲਬੇੜਾ ਬੁਲਾਰਾ, ਗੁਰਦੀਪ ਸਿੰਘ ਘਨੌਰ,, ਭੁਪਿੰਦਰ ਸਿੰਘ ਮਸੀਗਣ, ਭਗਵੰਤ ਸਿੰਘ ਸਤਰਾਣਾ, ਗੁਰਜੰਟ ਸਿੰਘ ਦਬਾਲ, ਪਰਮਜੀਤ ਸਿੰਘ ਮਹਿਮੂਦਪੁਰ, ਬੀਬੀ ਰਾਜਵੰਤ ਕੋਰ ਘੜਾਮ, ਸਰਬਜੀਤ ਸਿੰਘ ਘੜਾਮ, ਨਿਸ਼ਾਨ ਸਿੰਘ ਰਾਜਪੁਰਾ, ਗੁਰਪ੍ਰੀਤ ਸਿੰਘ, ਵਰਿੰਦਰ ਸਿੰਘ ਨਾਭਾ, ਰਾਜਪੁਰਾ ਅਤੇ ਸਮਾਣਾ ਕਮੇਟੀਆਂ ਦੇ ਮੈਂਬਰ ਸਾਹਿਬਾਨ ਸ਼ਾਮਿਲ ਹੋਏ।

-ਪਰਗਟ ਸਿੰਘ ਬਲਬੇੜਾ, 9022000070

# ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾ ਦੇ ਨਤੀਜਿਆ ਨੇ ਵਿਰੋਧੀਆ ਦੇ ਭੁਲੇਕੇ ਕੀਤੇ ਦੂਰ: ਹਲਕਾ ਇੰਚਾਰਜ ਹਰਜਿੰਦਰ ਸਿੰਘ ਰੰਧਾਵਾ ਉਸਮਾ

## ਹਲਕਾ ਇੰਚਾਰਜ ਹਰਜਿੰਦਰ ਸਿੰਘ ਨੇ ਜੰਡਿਆਲਾ ਤੋ ਜ਼ਿਲਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾ ਦੀ ਜਿੱਤ ਲਈ ਵਰਕਰਾ ਦਾ ਕੀਤਾ ਧੰਨਵਾਦ



ਚੌਕ ਮਹਿਤਾ, 19 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )-ਪੰਜਾਬ ਵਿੱਚ ਹੋਈਆ ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾ ਨੂੰ ਮਿੱਲੀ ਸ਼ਾਨਦਾਰ ਜਿੱਤ ਤੇ ਟ੍ਰੇਡ ਵਿੰਗ ਹਲਕਾ ਜੰਡਿਆਲਾ ਇੰਚਾਰਜ ਹਰਜਿੰਦਰ ਸਿੰਘ ਰੰਧਾਵਾ ਨੇ ਖੁਸ਼ੀ ਪ੍ਰਗਟਾਉਦਿਆ ਕਿਹਾ ਕਿ ਇਹ ਜਨਤਾ ਸਪੱਸ਼ਟ ਫਤਵਾ ਹੈ ਜੋ ਪੰਜਾਬ ਸਰਕਾਰ ਨੀਤੀਆ ਇਮਾਨਦਾਰ ਪ੍ਰਸ਼ਾਸਨ ਦੇ ਕਾਰਜਾ ਤੇ ਲੋਕਾ ਦੇ ਭਰੋਸ਼ੇ ਨੂੰ ਦਰਸਾਉਦਾ ਹੈ ਉਹਨਾ ਕਿਹਾ ਕੇ ਆਮ ਆਦਮੀ ਪਾਰਟੀ ਨੇ ਹਮੇਸ਼ਾ ਆਮ ਲੋਕਾ ਦੀ ਅਵਾਜ ਬਣਕੇ ਕੰਮ ਕੀਤਾ ਹੈ ਅਤੇ ਇਸ ਜਿੱਤ ਰਾਹੀ ਲੋਕਾ ਨੇ ਸਰਕਾਰ ਦੇ ਕੰਮਾ ਤੇ ਅੱਪਣੀ ਮੋਹਰ ਲਗਾਈ ਹੈ ਉਹਨਾ ਨੇ ਇਸ ਮੌਕੇ ਪਾਰਟੀ ਦੇ ਸਾਰੇ ਵਰਕਰਾ ਆਗੂਆ ਅਤੇ ਜ਼ਮੀਨੀ ਪੱਧਰ ਤੇ ਮਿਹਨਤ ਕਰਨ ਵਾਲੇ ਵਰਕਰਾ ਦਾ ਦਿੱਲੋ ਧੰਨਵਾਦ ਕੀਤਾ ਉਨ੍ਹਾ ਕਿਹਾ ਕੇ ਵਰਕਰਾ ਦੀ ਅਥਾਹ ਮਿਹਨਤ ਘਰ ਘਰ ਜਾ ਕੇ ਕੀਤਾ ਗਿਆ ਸੰਪਰਕ ਅਤੇ ਸਰਕਾਰ ਦੀਆ ਲੋਕ ਭਲਾਈ ਯੋਜਨਾਵਾ ਨੂੰ ਜਨਤਾ ਤੱਕ ਪਹੁੰਚਾਉਣ ਦਾ ਨਤੀਜਾ ਹੀ ਇਹ ਇਤਿਹਾਸਕ ਜਿੱਤ ਹੈ ਉਹਨਾ ਨੇ ਕਿਹਾ ਕੇ ਪਿੱਛਲੇ ਸਮੇ ਦੌਰਾਨ ਪੰਜਾਬ ਸਰਕਾਰ ਵਲੋ ਸਿਖਿਆ, ਸਿਹਤ,ਬਿਜਲੀ, ਸੜਕਾ, ਪਾਣੀ ਦੀ ਸਪਲਾਈ ਅਤੇ ਪਿੰਡਾ ਦੇ ਵਿਕਾਸ਼ ਲਈ ਕਈ ਠੋਸ ਕਦਮ ਚੁੱਕੇ ਗਏ ਹਨ ਜਿੰਨਾ ਦਾ ਲਾਭ ਸਿੱਧੇ ਤੌਰ ਤੇ ਆਮ ਲੋਕਾ ਤੱਕ ਪਹੁੰਚਿਆ ਹੈ ਉਨ੍ਹਾ ਦਾਅਵਾ ਕੀਤਾ ਹੈ ਕਿ ਸਰਕਾਰ ਦੀ ਨੀਤੀ ਅਤੇ ਭ੍ਰਿਸਟਾਚਾਰ ਵਿਰੁੱਧ ਜੀਰੋ ਟਾਲਰੈਸ਼ ਨੇ ਲੋਕਾ ਦੇ ਮੰਨ ਵਿਚ ਭਰੋਸ਼ਾ ਪੈਦਾ ਕੀਤਾ ਹੈ ਉਨ੍ਹਾ ਨੇ ਕਿਹਾ ਕਿ ਆਮ ਆਦਮੀ ਦੀ ਸਰਕਾਰ ਪੰਜਾਬ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਵਿਕਾਸ਼ ਪਾਰਦਰਸ਼ਤਾ ਅਤੇ ਲੋਕਾ ਦੇ ਹਿੱਤ ਨੂੰ ਪਹਿਲ ਦੇ ਕਿ ਕੰਮ ਕੀਤਾ ਜਾਵੇਗਾ।

## ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ 'ਚ ਬਸਪਾ ਨੂੰ ਚੰਗਾ ਹੁੰਗਾਰਾ, ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਾ ਸਕਦਾ ਹੈ: ਡਾਕਟਰ ਜਗਜੀਵਨ ਸਿੰਘ ਸ਼ੇਰਪੁਰ



ਸੇਰਪੁਰ ( ਰਣਜੀਤ ਸਿੰਘ ਪੇਧਨੀ ) ਜਿਲ੍ਹਾ ਪ੍ਰੀਸ਼ਦ ਜੋਨ ਸ਼ੇਰਪੁਰ ਤੋਂ ਬਹੁਜਨ ਸਮਾਜ ਪਾਰਟੀ ਦੀ ਉਮੀਦਵਾਰ ਬੀਬਾ ਰਣਦੀਪ ਕੌਰ ਖੇੜੀ ਕਲਾਂ ਆਪਣੇ ਜੱਦੀ ਪਿੰਡ ਖੇੜੀ ਕਲਾਂ ਦੇ ਸਾਰੇ ਬੂਥਾਂ ਤੋਂ ਜੇਤੂ ਰਹੀ। ਉਹਨਾਂ ਆਪਣੇ ਇਕੱਲੇ ਪਿੰਡ ਵਿੱਚੋਂ 1043 ਵੋਟਾਂ ਪ੍ਰਾਪਤ ਕੀਤੀਆਂ। ਇਸ ਗੱਲ ਤੋਂ ਸਾਬਤ ਹੁੰਦਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਵਿੱਚ ਅਜੇ ਵੀ ਦੂਸਰੀਆਂ ਪਾਰਟੀਆਂ ਤੇ ਭਾਰੂ ਪਈ ਹੋਈ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਜ਼ਿਲਾ ਬਰਨਾਲਾ ਦੇ ਇੰਨਚਾਰਜ ਡਾਕਟਰ ਜਗਜੀਵਨ ਸਿੰਘ ਸ਼ੇਰਪੁਰ ਨੇ ਕੀਤਾ। ਉਹਨਾਂ ਕਿਹਾ ਕਿ ਜਲੰਧਰ ਦੇ ਵਿੱਚ ਬਹੁਜਨ ਸਮਾਜ ਪਾਰਟੀ ਨੇ ਬਲਾਕ ਸੰਮਤੀ ਦੀਆਂ 14 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਹੈ, ਜੇਕਰ ਪੂਰੇ ਪੰਜਾਬ ਵਿੱਚ ਨਿਗਾ ਮਾਰੀ ਜਾਵੇ ਤਾਂ ਬਸਪਾ ਨੇ ਚੰਗਾ ਪ੍ਰਦਰਸਨ ਕੀਤਾ ਹੈ । ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਤੋਂ ਇਹ ਸਿੱਧ ਹੋ ਗਿਆ ਹੈ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਆਪਣੇ ਉਮੀਦਵਾਰਾਂ ਨੂੰ ਵਿਧਾਨ ਸਭਾ ਦੀਆਂ ਪੌੜੀਆਂ ਚੜਾਉਣ ਵਿੱਚ ਜਰੂਰ ਕਾਮਯਾਬ ਹੋਵੇਗੀ ਥੋੜੀ ਜੀ ਮਿਹਨਤ ਦੀ ਲੋੜ ਹੈ ਦਲਿਤ ਸਮਾਜ ਨੂੰ ਜਗਾਉਣ ਦੀ ਲੋੜ ਹੈ ਇਹ ਬਾਜੀ ਪਲਟ ਸਕਦੇ ਹਨ।

## ਅਕਾਲੀ ਦਲ ਦੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮੈਂਬਰ ਸ਼ੁਕਰਾਨੇ ਵਜੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਹੋਏ ਨਤਮਸਤਕ

### ਸੱਤਾਧਿਰ ਦੇ ਫੋਕੇ ਦਾਅਵਿਆਂ ਨੂੰ ਨਕਾਰ ਲੋਕਾਂ ਨੇ ਵਿਕਾਸ ਦੇ ਪ੍ਰਤੀਕ ਅਕਾਲੀ ਦਲ ਨੂੰ ਚੁਣਿਆ- ਰਵੀਪ੍ਰੀਤ ਸਿੰਘ ਸਿੱਧੂ



ਤਲਵੰਡੀ ਸਾਬੋ, 19 ਦਸੰਬਰ (ਗੁਰਜੰਟ ਸਿੰਘ ਨਥੇਹਾ)- ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਬੀਤੀ ਦੇਰ ਸ਼ਾਮ ਐਲਾਨੇ ਨਤੀਜਿਆਂ ਮੁਤਾਬਕ ਬਲਾਕ ਤਲਵੰਡੀ ਸਾਬੇ ਦੇ ਦੋ ਜ਼ਿਲ੍ਹਾ ਪ੍ਰੀਸ਼ਦ ਚੇਨਾਂ ਅਤੇ 10 ਬਲਾਕ ਸੰਮਤੀ ਜ਼ੋਨਾਂ ਤੋਂ ਜੇਤੂ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੈਂਬਰ ਅੱਜ ਜਿੱਤ ਦੇ ਸੁਕਰਾਨੇ ਵਜੋਂ ਅਕਾਲੀ ਦਲ ਹਲਕਾ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਤਖਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ। ਵੱਡੀ ਗਿਣਤੀ ਸਮੱਰਥਕਾਂ ਨਾਲ ਪੁੱਜੇ ਜੇਤੂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਮੈਂਬਰਾਂ ਨੂੰ ਇੱਥੇ ਪੁੱਜਣ ਤੇ ਅਕਾਲੀ ਦਲ ਹਲਕਾ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ ਨੇ ਸ਼ੁਭਕਾਮਨਾਵਾਂ ਭੇਟ ਕੀਤੀਆਂ। ਤਖ਼ਤ ਸਾਹਿਬ ਨਤਮਸਤਕ ਹੋ ਕੇ ਕੁਝ ਸਮਾਂ ਜੇਤੂ ਮੈਂਬਰਾਂ ਨੇ ਗੁਰਬਾਣੀ ਕੀਰਤਨ ਸ੍ਰਵਣ ਕੀਤਾ। ਬਾਅਦ ਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਰਵੀਪ੍ਰੀਤ ਸਿੰਘ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪਿਛਲੇ ਪੌਣੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਸਿਰਫ ਫੋਕੇ ਦਾਅਵਿਆਂ ਤੇ ਵਾਅਦਿਆਂ ਨਾਲ ਸਰਕਾਰ ਚਲਾ ਲਈ ਜਦੋਂਕਿ ਵਿਕਾਸ ਦੇ ਹਿਤ 'ਚ ਇੱਕ ਵੀ ਕੰਮ ਨਹੀਂ ਕੀਤਾ। ਇਸ ਲਈ ਹਲਕੇ ਦੇ ਲੋਕਾਂ ਨੇ ਸੱਤਾਧਿਰ ਨੂੰ ਸਬਕ ਸਿਖਾਉਂਦਿਆਂ ਵਿਕਾਸ ਦੇ ਪ੍ਰਤੀਕ ਮੰਨੇ ਜਾਂਦੇ ਸ਼੍ਰੋਮਣੀ ਅਕਾਲੀ ਦਲ ਨੂੰ ਚੁਣਿਆ। ਉਨ੍ਹਾਂ ਕਿਹਾ ਕਿ ਤਲਵੰਡੀ ਸਾਬੋ ਇਲਾਕੇ ਦਾ ਜਿਨ੍ਹਾਂ ਵਿਕਾਸ ਹੋਇਆ ਉਹ ਅਕਾਲੀ ਸਰਕਾਰਾਂ ਸਮੇਂ ਹੋਇਆ ਤੇ ਹੁਣ ਸੱਤਾਧਿਰ ਵਲੋਂ ਹਲਕੇ ਨੂੰ ਵਿਕਾਸ ਪੱਖੋਂ ਬਿਲਕੁੱਲ ਹੀ ਵਿਸਾਰ ਦੇਣ ਦੇ ਕਰਕੇ ਸੱਤਾਧਿਰ ਖਿਲਾਫ ਲੋਕਾਂ ਦਾ ਗੁੱਸਾ ਭੜਕਿਆ ਜੋ ਚੋਣ ਨਤੀਜਿਆਂ ਦੇ ਰੂਪ ਚ ਸਾਹਮਣੇ ਆ ਗਿਆ। ਸਿੱਧੂ ਨੇ ਦਾਅਵਾ ਕੀਤਾ ਕਿ 2027 'ਚ ਲੋਕ ਸੂਬੇ 'ਚ ਅਕਾਲੀ ਦਲ ਦੀ ਸਰਕਾਰ ਬਣਾਉਣਗੇ। ਸਿੱਧੂ ਨਾਲ ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਤੋਂ ਜਿੱਤੇ ਬੂਟਾ ਸਿੰਘ ਕੌਰੇਆਣਾ, ਜਸਪਾਲ ਕੌਰ ਜੱਜਲ, ਬਲਾਕ ਸੰਮਤੀਆਂ ਤੋਂ ਜਿੱਤੇ ਗੁਰਾਂਦਿੱਤਾ ਸਿੰਘ ਜਗਾ ਰਾਮ ਤੀਰਥ, ਬਿੱਕਰ ਸਿੰਘ, ਸੁਖਜੀਤ ਕੌਰ, ਸਰਬਜੀਤ ਕੌਰ, ਹਰਦੀਪ ਕੌਰ, ਲਖਵੀਰ ਸਿੰਘ, ਸੁਖਪ੍ਰੀਤ ਕੌਰ, ਰਛਵਿੰਦਰ ਸਿੰਘ ਫੌਜੀ, ਸੁਖਜੀਤ ਸਿੰਘ ਤੇ ਭੋਲਾ ਸਿੰਘ ਤੋਂ ਇਲਾਵਾ ਸੀਨੀਅਰ ਆਗੂ ਐਡਵੋਕੇਟ ਸਤਿੰਦਰ ਸਿੰਘ ਸਿੱਧੂ, ਜਸਵਿੰਦਰ ਸਿੰਘ ਜ਼ੈਲਦਾਰ, ਰਵੀ ਕੁਮਾਰ ਕੋਕੀ ਕੌਂਸਲਰ, ਰਣਜੀਤ ਸਿੰਘ ਮਲਕਾਣਾ, ਹਰਮੋਹਿੰਦਰ ਸਿੰਘ, ਹਰਤਾਬਲ ਸਿੰਘ ਸੁੱਖੀ ਨਿੱਜੀ ਸਹਾਇਕ ਸਿੱਧੂ, ਜਸਵਿੰਦਰ ਸਿੰਘ ਸਿੱਧੂ, ਭਿੰਦਾ ਸਿੰਘ ਜੱਜਲ, ਠਾਣਾ ਸਿੰਘ ਚੱਠਾ, ਸੁਰਜੀਤ ਸਿੰਘ ਭੰਮੇ, ਪਾਲੀ ਗਿੱਲ, ਸੁਖਮੰਦਰ ਸਿੰਘ ਜਗਾ ਰਾਮ ਤੀਰਥ, ਗੁਰਪ੍ਰੀਤ ਸਿੰਘ ਚੋਟੀਆ, ਤੇਜਾ ਸਿੰਘ ਮਲਕਾਣਾ ਆਦਿ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਦਇਆ ਵੀ, ਜ਼ਰੂਰਤ ਵੀ: ਗੁਰਮਤਿ ਅਤੇ ਵਿਗਿਆਨ ਦੀ ਰੌਸ਼ਨੀ ਵਿੱਚ




ਅੱਜ ਦੇ ਸਮੇਂ ਵਿੱਚ ਮਨੁੱਖ ਅਕਸਰ ਆਪਣੇ ਅੰਦਰ ਇੱਕ ਗਹਿਰੀ ਉਲਝਣ ਮਹਿਸੂਸ ਕਰਦਾ ਹੈ। ਇੱਕ ਪਾਸੇ ਉਸਦੇ ਅੰਦਰ ਕੁਦਰਤ, ਜੀਵ-ਜੰਤੂਆਂ ਅਤੇ ਸਾਰੀ ਸ੍ਰਿਸ਼ਟੀ ਲਈ ਦਇਆ ਅਤੇ ਪਿਆਰ ਦੀ ਭਾਵਨਾ ਹੁੰਦੀ ਹੈ, ਅਤੇ ਦੂਜੇ ਪਾਸੇ ਉਸਨੂੰ ਆਪਣੀ ਜ਼ਿੰਦਗੀ ਚਲਾਉਣ ਲਈ ਕੁਝ ਵਿਹਾਰਕ ਲੋੜਾਂ ਵੀ ਪੂਰੀਆਂ ਕਰਨੀਆਂ ਪੈਂਦੀਆਂ ਹਨ -ਜਿਵੇਂ ਕਿ ਦਵਾਈਆਂ ਬਣਾਉਣ, ਬਿਮਾਰੀਆਂ ਦਾ ਇਲਾਜ ਲੱਭਣ ਜਾਂ ਖਾਣ-ਪੀਣ ਦੀ ਵਿਵਸਥਾ ਕਰਨੀ। ਇਸ ਕਾਰਨ ਮਨ ਵਿੱਚ ਸਵਾਲ ਪੈਦਾ ਹੁੰਦਾ ਹੈ: ਕੀ ਅਸੀਂ ਜੀਵਾਂ ਨਾਲ ਦਇਆ ਵੀ ਰੱਖ ਸਕਦੇ ਹਾਂ ਅਤੇ ਆਪਣੀਆਂ ਲੋੜਾਂ ਵੀ ਪੂਰੀਆਂ ਕਰ ਸਕਦੇ ਹਾਂ? ਇਹ ਉਲਝਣ ਕੁਦਰਤੀ ਹਨ, ਪਰ ਅਸੰਭਵ ਨਹੀਂ। ਗੁਰਬਾਣੀ ਮਨੁੱਖ ਨੂੰ ਅਤਿਵਾਦ ਨਹੀਂ, ਸੰਤੁਲਨ ਸਿਖਾਂਦੀ ਹੈ। "ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 322)" ਦਾ ਭਾਵ ਇਹ ਨਹੀਂ ਕਿ ਜੀਵਨ ਦੀ ਹਰ ਲੋੜ ਛੱਡ ਦਿੱਤੀ ਜਾਵੇ, ਸਗੋਂ ਇਹ ਕਿ ਕਿਸੇ ਵੀ ਜੀਵ ਨੂੰ ਬਿਨਾ ਲੋੜ ਦੁੱਖ ਨਾ ਦੇ ਕੇ, ਕਰੁਣਾ ਅਤੇ ਮਰਯਾਦਾ ਨਾਲ ਜੀਵਨ ਜੀਉਣਾ ਹੀ ਮਨੁੱਖ ਨੂੰ ਸੱਚ ਦੇ ਦਰ 'ਤੇ ਇੱਜ਼ਤ ਨਾਲ ਪਹੁੰਚਾਉਂਦਾ ਹੈ।

ਵਿਗਿਆਨ ਵੀ ਅੱਜ ਇਸੇ ਦਿਸ਼ਾ ਵਿੱਚ ਅੱਗੇ ਵੱਧ ਰਿਹਾ ਹੈ। ਕੰਪਿਊਟਰ ਮਾਡਲਿੰਗ, ਸੈੱਲ ਕਲਚਰ, 34 ਪ੍ਰਿੰਟਿੰਗ ਅਤੇ ਆਰਗਨ-ਆਨ-ਚਿਪ ਵਰਗੀਆਂ ਤਕਨੀਕਾਂ ਨਾਲ ਦਵਾਈਆਂ ਦੀ ਜਾਂਚ ਇਸ ਤਰ੍ਹਾਂ ਕੀਤੀ ਜਾ ਰਹੀ ਹੈ ਕਿ ਜੀਵਾਂ ਨੂੰ ਘੱਟ ਤੋਂ ਘੱਟ ਦੁੱਖ ਪਵੇ। ਇਹ ਵਿਗਿਆਨਕ ਪ੍ਰਗਤੀ ਕਰੁਣਾ ਦੇ ਮੂਲ ਸਿਧਾਂਤ ਨਾਲ ਮੇਲ ਖਾਂਦੀ ਹੈ। ਇਸੇ ਤਰ੍ਹਾਂ ਮਾਸ ਖਾਣ ਜਾਂ ਨਾ ਖਾਣ ਦਾ ਮਸਲਾ ਵੀ ਗੁਰਮਤਿ ਵਿੱਚ ਹੁਕਮ ਨਹੀਂ, ਸਗੋਂ ਵਿਅਕਤੀਗਤ ਸਮਝ ਅਤੇ ਨੀਅਤ ਨਾਲ ਜੁੜਿਆ ਹੈ। ਗੁਰਬਾਣੀ ਕਿਤੇ ਵੀ ਮਾਸ ਖਾਣ ਜਾਂ ਨਾ ਖਾਣ ਨੂੰ ਮੁਕਤੀ ਦਾ ਮਾਪਦੰਡ ਨਹੀਂ ਬਣਾਉਂਦੀ।

ਗੁਰਮਤਿ ਦਾ ਕੇਂਦਰ ਥਾਲੀ ਨਹੀਂ, ਮਨ ਹੈ। ਮਨ ਵਿੱਚ ਦਇਆ ਹੋਵੇ, ਕਰਮ ਵਿੱਚ ਸੰਯਮ ਹੋਵੇ ਅਤੇ ਨੀਅਤ ਸਾਫ਼ ਹੋਵੇ -ਇਹੀ ਗੁਰਬਾਣੀ ਦਾ ਅਸਲ ਰਾਹ ਹੈ। ਇਸ ਲਈ, ਗੁਰਬਾਣੀ ਦੀ ਸਿੱਖਿਆ ਅਤੇ ਵਿਗਿਆਨ ਦੇ ਤੱਥਾਂ ਨੂੰ ਮਿਲਾ ਕੇ ਅਸੀਂ ਇੱਕ ਐਸਾ ਰਾਹ ਲੱਭ ਸਕਦੇ ਹਾਂ, ਜਿੱਥੇ ਜ਼ਿੰਦਗੀ ਵੀ ਚੱਲਦੀ ਰਹੇ ਅਤੇ ਕਰੁਣਾ ਵੀ ਕਾਇਮ ਰਹੇ। ਇਸ ਸੰਤੁਲਨ ਨਾਲ ਹੀ ਮਨੁੱਖ ਅੰਦਰੂਨੀ ਉਲਝਣ ਤੋਂ ਬਾਹਰ ਨਿਕਲ ਕੇ ਸਮਝਦਾਰੀ ਅਤੇ ਸ਼ਾਂਤੀ ਨਾਲ ਜੀਵਨ ਜੀ ਸਕਦਾ ਹੈ। ਆਓ, ਇਸ ਨੂੰ ਕਦਮ ਦਰ ਕਦਮ ਸਮਝੀਏ।

1. ਜੀਵ-ਦਇਆ: ਕੁਦਰਤ ਦਾ ਮੂਲ ਨਿਯਮ ਅਤੇ ਰੂਹਾਨੀ ਮਹੱਤਤਾ

ਗੁਰਬਾਣੀ ਸਾਨੂੰ ਸਿਖਾਉਂਦੀ ਹੈ ਕਿ ਹਰ ਜੀਵ ਵਿੱਚ ਪ੍ਰਭੂ ਦੀ ਜੋਤ ਮੌਜੂਦ ਹੈ। ਜਿਵੇਂ ਕਿ "ਸਭ ਮਹਿ ਜੋਤਿ ਜੋਤਿ ਹੈ ਸੋਇ॥" ਸਭ ਵਿੱਚ ਉਹੀ ਜੋਤ ਹੈ। ਜਦੋਂ ਅਸੀਂ ਕਿਸੇ ਜੀਵ 'ਤੇ ਦਇਆ ਕਰਦੇ ਹਾਂ, ਤਾਂ ਅਸੀਂ ਅਸਲ ਵਿੱਚ ਉਸ ਪ੍ਰਭੂ ਦਾ ਸਤਿਕਾਰ ਕਰ ਰਹੇ ਹੁੰਦੇ ਹਾਂ। ਦਇਆ ਕੋਈ ਕਮਜ਼ੋਰੀ ਨਹੀਂ ਹੈ - ਇਹ ਇਨਸਾਨੀਅਤ ਦਾ ਸਭ ਤੋਂ ਵੱਡਾ ਗੁਣ ਹੈ। ਉਦਾਹਰਨ ਵਜੋਂ, ਜੇਕਰ ਤੁਸੀਂ ਇੱਕ ਬੇਜ਼ਬਾਨ ਜਾਨਵਰ ਨੂੰ ਦੁੱਖ ਵਿੱਚ ਵੇਖ ਕੇ ਮਦਦ ਕਰਦੇ ਹੋ, ਤਾਂ ਤੁਹਾਡਾ ਮਨ ਸ਼ਾਂਤ ਹੁੰਦਾ ਹੈ ਅਤੇ ਤੁਸੀਂ ਅੰਦਰੋਂ ਮਜ਼ਬੂਤ ਮਹਿਸੂਸ ਕਰਦੇ ਹੋ।

ਵਿਗਿਆਨਕ ਅਧਿਐਨ ਦੱਸਦੇ ਹਨ ਕਿ ਜੀਵਾਂ ਨਾਲ ਦਇਆ ਰੱਖਣ ਨਾਲ ਇਨਸਾਨ ਦੇ ਮਨ ਵਿੱਚ ਖੁਸ਼ੀ ਵਾਲੇ ਹਾਰਮੋਨ (ਜਿਵੇਂ ਆਕਸੀਟੋਸਿਨ) ਵਧਦੇ ਹਨ, ਜਿਸ ਨਾਲ ਸਿਹਤ ਚੰਗੀ ਰਹਿੰਦੀ ਹੈ। ਇਸ ਤੋਂ ਇਲਾਵਾ, ਕੁਦਰਤ ਵਿੱਚ ਸੰਤੁਲਨ ਬਣਾਉਣ ਲਈ ਦਇਆ ਜ਼ਰੂਰੀ ਹੈ - ਜੇਕਰ ਅਸੀਂ ਜੀਵਾਂ ਨੂੰ ਨਸ਼ਟ ਕਰੀਏ, ਤਾਂ ਕੁਦਰਤੀ ਚੱਕਰ ਟੁੱਟ ਜਾਂਦਾ ਹੈ, ਜਿਵੇਂ ਕਿ ਜੰਗਲਾਂ ਦੀ ਕਟਾਈ ਨਾਲ ਵਾਤਾਵਰਣ ਨੂੰ ਨੁਕਸਾਨ। ਇਸ ਲਈ, ਜੀਵ-ਦਇਆ ਨੂੰ ਅਪਣਾਉਣ ਨਾਲ ਨਾ ਸਿਰਫ਼ ਰੂਹਾਨੀ ਲਾਭ ਹੁੰਦਾ ਹੈ, ਸਗੋਂ ਵਿਗਿਆਨਕ ਤੌਰ 'ਤੇ ਵੀ ਕੁਦਰਤ ਨੂੰ ਬਚਾਇਆ ਜਾ ਸਕਦਾ ਹੈ।

2. ਵਿਗਿਆਨਕ ਲੋੜ ਅਤੇ ਮਾਨਵੀ ਜੀਵਨ ਦੀ ਕੀਮਤ

ਹੁਣ ਗੱਲ ਕਰੀਏ ਉਸ ਪਾਸੇ ਦੀ, ਜਿੱਥੇ ਇਨਸਾਨ ਨੂੰ ਜੀਵਾਂ ਦੀ ਮਦਦ ਲੈਣੀ ਪੈਂਦੀ ਹੈ। ਅੱਜ ਕਲ੍ਹ ਦੀਆਂ ਬਹੁਤ ਸਾਰੀਆਂ ਜ਼ਿੰਦਗੀ ਬਚਾਉਣ ਵਾਲੀਆਂ ਦਵਾਈਆਂ, ਜਿਵੇਂ ਇੰਸੁਲਿਨ (ਸ਼ੂਗਰ ਦੀ ਬਿਮਾਰੀ ਲਈ) ਜਾਂ ਵੈਕਸੀਨ (ਬਿਮਾਰੀਆਂ ਤੋਂ ਬਚਾਅ ਲਈ), ਜੀਵਾਂ 'ਤੇ ਟੈਸਟ ਕਰ ਕੇ ਬਣਾਈਆਂ ਗਈਆਂ ਹਨ। ਕੀ ਇਹ ਗਲਤ ਹੈ? ਨਹੀਂ, ਜੇਕਰ ਅਸੀਂ ਇਸ ਨੂੰ ਸਹੀ ਨਜ਼ਰੀਏ ਨਾਲ ਵੇਖੀਏ।

ਵਿਗਿਆਨ ਵਿੱਚ ਇੱਕ ਸੰਕਲਪ ਹੈ 'ਜੀਵਨ ਦੀ ਲੜੀ' (Food Chain or Chain of Life)। ਇਸ ਵਿੱਚ ਇੱਕ ਜੀਵ ਦੂਜੇ 'ਤੇ ਨਿਰਭਰ ਹੈ - ਜਿਵੇਂ ਸ਼ੇਰ ਹਿਰਨ ਖਾਂਦਾ ਹੈ ਤਾਂ ਜੋ ਆਪਣੀ ਜ਼ਿੰਦਗੀ ਚਲਾ ਸਕੇ। ਇਨਸਾਨ ਨੂੰ ਵੀ ਕੁਦਰਤ ਨੇ ਸਭ ਤੋਂ ਉੱਤਮ ਜੂਨੀ ਦਿੱਤੀ ਹੈ ਕਿਉਂਕਿ ਉਸ ਕੋਲ ਬਿਬੇਕ ਬੁੱਧੀ ਹੈ - ਯਾਨੀ ਸੋਚਣ ਅਤੇ ਫੈਸਲੇ ਲੈਣ ਦੀ ਤਾਕਤ। ਜੇਕਰ ਇੱਕ ਜੀਵ ਦੇ ਅੰਸ਼ ਨਾਲ ਲੱਖਾਂ ਇਨਸਾਨਾਂ ਦੀ ਜਾਨ ਬਚ ਜਾਂਦੀ ਹੈ, ਤਾਂ ਇਹ ਇੱਕ ਕੁਰਬਾਨੀ ਵਾਂਗ ਹੈ, ਨਾ ਕਿ ਜ਼ੁਲਮ। ਉਦਾਹਰਨ ਵਜੋਂ, ਜੇਕਰ ਚੂਹਿਆਂ 'ਤੇ ਟੈਸਟ ਕਰ ਕੇ ਕੈਂਸਰ ਦੀ ਦਵਾਈ ਬਣ ਜਾਂਦੀ ਹੈ, ਤਾਂ ਇਹ ਮਨੁੱਖਤਾ ਲਈ ਵੱਡਾ ਲਾਭ ਹੈ। ਪਰ ਇਹ ਫੈਸਲਾ ਲੈਣ ਵੇਲੇ ਅਸੀਂ ਹਮੇਸ਼ਾ ਇਹ ਵੇਖੀਏ ਕਿ ਕੀ ਇਹ ਅਸਲ ਵਿੱਚ ਲੋੜ ਹੈ ਜਾਂ ਸਿਰਫ਼ ਲਾਲਚ।

ਗੁਰਬਾਣੀ ਵੀ ਇਸ ਨੂੰ ਸਮਰਥਨ ਕਰਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਨਸਾਨ ਨੂੰ ਧਰਤੀ ਦਾ ਰਖਵਾਲਾ ਬਣਨਾ ਚਾਹੀਦਾ ਹੈ, ਪਰ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ। ਇਸ ਲਈ, ਵਿਗਿਆਨ ਅਤੇ ਰੂਹਾਨੀਅਤ ਦੋਵੇਂ ਮਿਲ ਕੇ ਕਹਿੰਦੇ ਹਨ ਕਿ ਮਾਨਵੀ ਜੀਵਨ ਨੂੰ ਬਚਾਉਣਾ ਸਭ ਤੋਂ ਪਹਿਲਾਂ ਹੈ, ਪਰ ਬਿਨਾਂ ਜ਼ਰੂਰਤ ਦੇ ਜੀਵਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ।

3. ਉਲਝਣ ਨੂੰ ਕਿਵੇਂ ਦੂਰ ਕਰੀਏ? ਤਿੰਨ ਸੁਨਹਿਰੇ ਅਸੂਲ ਅਤੇ ਵਿਹਾਰਕ ਸਲਾਹਾਂ

ਇਹ ਉਲਝਣ ਖਤਮ ਕਰਨ ਲਈ ਅਸੀਂ ਤਿੰਨ ਮੁੱਖ ਅਸੂਲ ਅਪਣਾ ਸਕਦੇ ਹਾਂ। ਇਹ ਅਸੂਲ ਗੁਰਬਾਣੀ ਅਤੇ ਵਿਗਿਆਨ ਦੋਵਾਂ ਤੋਂ ਲਏ ਗਏ ਹਨ, ਅਤੇ ਇਨ੍ਹਾਂ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਵਰਤ ਕੇ ਤੁਸੀਂ ਸਹੀ ਫੈਸਲੇ ਲੈ ਸਕਦੇ ਹੋ:

ੳ) ਲੋੜ ਬਨਾਮ ਲਾਲਚ: ਪਹਿਲਾਂ ਆਪਣੇ ਆਪ ਨੂੰ ਪੁੱਛੋ - ਕੀ ਇਹ ਅਸਲ ਵਿੱਚ ਲੋੜ ਹੈ? ਜੇਕਰ ਤੁਸੀਂ ਜੀਵਾਂ ਨੂੰ ਸਿਰਫ਼ ਸ਼ੌਕ ਲਈ (ਜਿਵੇਂ ਚਮੜੇ ਦੇ ਬੈਗ ਬਣਾਉਣ ਲਈ), ਸੁੰਦਰਤਾ ਲਈ (ਕਾਸਮੈਟਿਕਸ ਟੈਸਟਿੰਗ) ਜਾਂ ਸਵਾਦ ਲਈ (ਅਨਾਜ ਨਹੀਂ ਖਾ ਕੇ ਮੀਟ ਖਾਣਾ) ਵਰਤ ਰਹੇ ਹੋ, ਤਾਂ ਇਹ ਪਾਪ ਹੈ ਅਤੇ ਰੋਕਣਾ ਚਾਹੀਦਾ ਹੈ। ਪਰ ਜੇਕਰ ਇਹ ਬਿਮਾਰੀ ਤੋਂ ਬਚਾਉਣ ਲਈ ਜ਼ਰੂਰੀ ਹੈ (ਜਿਵੇਂ ਦਵਾਈਆਂ), ਤਾਂ ਇਹ ਮਜਬੂਰੀ ਹੈ ਅਤੇ ਸੇਵਾ ਦਾ ਰੂਪ ਹੈ। ਵਿਹਾਰਕ ਸਲਾਹ: ਵੈਜੀਟੇਰੀਅਨ ਖਾਣਾ ਅਪਣਾਓ ਜੇਕਰ ਸੰਭਵ ਹੈ, ਅਤੇ ਕਰੂਅਲਟੀ-ਫ੍ਰੀ (ਜਾਨਵਰਾਂ 'ਤੇ ਟੈਸਟਿੰਗ ਤੋਂ ਬਿਨਾ ਤਿਆਰ ਕੀਤੇ) ਪ੍ਰੋਡਕਟਸ ਵਰਤੋ।

ਅ) ਘੱਟ ਤੋਂ ਘੱਟ ਨੁਕਸਾਨ ਅਤੇ ਬਦਲਵੇਂ ਤਰੀਕੇ: ਅੱਜਕੱਲ੍ਹ ਵਿਗਿਆਨ ਨੇ ਐਸੇ ਆਧੁਨਿਕ ਅਤੇ ਮਨੁੱਖੀ ਤਰੀਕੇ ਵਿਕਸਿਤ ਕਰ ਲਏ ਹਨ, ਜਿਨ੍ਹਾਂ ਨਾਲ ਦਵਾਈਆਂ ਦੀ ਜਾਂਚ ਕਰਦੇ ਸਮੇਂ ਜੀਵਾਂ ਨੂੰ ਦੁੱਖ ਦੇਣ ਦੀ ਲੋੜ ਘੱਟ ਤੋਂ ਘੱਟ ਜਾਂ ਮੁਕੰਮਲ ਖ਼ਤਮ ਕੀਤੀ ਜਾ ਸਕਦੀ ਹੈ।

i) ਕੰਪਿਊਟਰ ਮਾਡਲਿੰਗ : ਇਸ ਤਕਨੀਕ ਦੇ ਜ਼ਰੀਏ ਪਹਿਲਾਂ ਹੀ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੋਈ ਦਵਾਈ ਸਰੀਰ ਵਿੱਚ ਕਿਵੇਂ ਵਰਤਾਅ ਕਰੇਗੀ, ਉਸਦੇ ਲਾਭ ਤੇ ਨੁਕਸਾਨ ਕੀ ਹੋ ਸਕਦੇ ਹਨ।

ii) ਸੈੱਲ ਕਲਚਰ : ਇਸ ਤਕਨੀਕ ਨਾਲ ਜਿੰਦਾ ਜਾਨਵਰਾਂ ਦੀ ਬਜਾਏ ਲੈਬੋਰਟਰੀ ਵਿੱਚ ਉਗਾਏ ਗਏ ਮਨੁੱਖੀ ਸੈੱਲਾਂ 'ਤੇ ਦਵਾਈ ਦੀ ਜਾਂਚ ਕੀਤੀ ਜਾਂਦੀ ਹੈ, ਜਿਸ ਨਾਲ ਨਤੀਜੇ ਵੀ ਜ਼ਿਆਦਾ ਸਹੀ ਅਤੇ ਮਨੁੱਖੀ ਹੁੰਦੇ ਹਨ।

iii) 34 ਪ੍ਰਿੰਟਿੰਗ ਅਤੇ ਆਰਗਨ-ਆਨ-ਚਿਪ : ਇਨ੍ਹਾਂ ਨਵੀਆਂ ਤਕਨੀਕਾਂ ਨਾਲ ਮਨੁੱਖੀ ਅੰਗਾਂ ਦੇ ਛੋਟੇ ਮਾਡਲ ਤਿਆਰ ਕਰਕੇ ਦਵਾਈ ਦੀ ਪ੍ਰਭਾਵਸ਼ੀਲਤਾ ਅਤੇ ਸੁਰੱਖਿਆ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਸਾਰੇ ਤਰੀਕੇ ਕਰੁਣਾ, ਵਿਗਿਆਨ ਅਤੇ ਨੈਤਿਕਤਾ ਨੂੰ ਇਕੱਠਾ ਕਰਦੇ ਹਨ ਅਤੇ ਗੁਰਬਾਣੀ ਦੇ ਭਾਵ "ਦੂਖੁ ਨ ਦੇਈ ਕਿਸੈ ਜੀਅ" ਨਾਲ ਵੀ ਮੇਲ ਖਾਂਦੇ ਹਨ -ਅਰਥਾਤ ਜਿੱਥੇ ਸੰਭਵ ਹੋਵੇ, ਉੱਥੇ ਜੀਵਾਂ ਨੂੰ ਦੁੱਖ ਤੋਂ ਬਚਾਉਣਾ ਮਨੁੱਖੀ ਫਰਜ਼ ਹੈ। ਉਦਾਹਰਨ ਵਜੋਂ, ਯੂਰਪ ਵਿੱਚ ਹੁਣ ਕਾਸਮੈਟਿਕਸ ਲਈ ਜੀਵਾਂ 'ਤੇ ਟੈਸਟਿੰਗ ਬੈਨ ਹੈ, ਅਤੇ ਬਦਲ ਵਿੱਚ ਨਵੀਂ ਤਕਨੀਕ ਵਰਤੀ ਜਾਂਦੀ ਹੈ।

ਵਿਹਾਰਕ ਸਲਾਹ: ਅਜਿਹੀਆਂ ਕੰਪਨੀਆਂ ਨੂੰ ਸਮਰਥਨ ਦਿਓ ਜੋ ਅਹਿੰਸਕ ਢੰਗ ਅਪਣਾਉਂਦੀਆਂ ਹਨ, ਅਤੇ ਆਪ ਵੀ ਘੱਟ ਤੋਂ ਘੱਟ ਨੁਕਸਾਨ ਵਾਲੇ ਵਿਕਲਪ ਚੁਣੋ।

ੲ) ਕ੍ਰਿਤਗਿਅਤਾ (ਧੰਨਵਾਦੀ ਮਨ): ਜੇਕਰ ਕਿਸੇ ਜੀਵ ਜਾਂ ਕੁਦਰਤੀ ਸਰੋਤ ਕਾਰਨ ਤੁਹਾਡੀ ਜ਼ਿੰਦਗੀ ਬਚ ਜਾਂਦੀ ਹੈ, ਤਾਂ ਉਸ ਦਾ ਸ਼ੁਕਰੀਆ ਅਦਾ ਕਰੋ। ਸਾਡੀ ਅਰਦਾਸ ਵੀ ਕਹਿੰਦੀ ਹੈ "ਨਾਨਕ ਨਾਮਿ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥" ਸਭ ਦੇ ਭਲੇ ਲਈ ਕੰਮ ਕਰੋ ਅਤੇ ਪ੍ਰਭੂ ਨੂੰ ਯਾਦ ਰੱਖੋ।

ਵਿਹਾਰਕ ਸਲਾਹ: ਰੋਜ਼ਾਨਾ ਪ੍ਰਾਰਥਨਾ ਵਿੱਚ ਕੁਦਰਤ ਦਾ ਧੰਨਵਾਦ ਕਰੋ, ਅਤੇ ਵਾਤਾਵਰਣ ਬਚਾਉਣ ਲਈ ਪੌਦੇ ਲਾਓ ਜਾਂ ਰੀਸਾਈਕਲਿੰਗ ਕਰੋ।

ਇਹ ਅਸੂਲ ਅਪਣਾ ਕੇ ਅਸੀਂ ਆਪਣੀ ਉਲਝਣ ਨੂੰ ਆਸਾਨੀ ਨਾਲ ਸੁਲਝਾ ਸਕਦੇ ਹਾਂ। ਯਾਦ ਰੱਖੋ, ਹਰ ਫੈਸਲੇ ਵਿੱਚ ਸੰਤੁਲਨ ਰੱਖਿਆ ਜਾਵੇ।

4. ਸੰਸਾਰ ਦੀਆਂ ਪ੍ਰਭਾਵਸ਼ਾਲੀ ਉਦਾਹਰਨਾਂ ਅਤੇ ਸਬਕ

ਆਓ, ਕੁਝ ਅਸਲ ਉਦਾਹਰਨਾਂ ਵੇਖੀਏ ਜੋ ਇਸ ਨੂੰ ਹੋਰ ਸਾਫ਼ ਕਰਨਗੀਆਂ:

ੳ) ਪੈਨਸਿਲਿਨ ਅਤੇ ਹੋਰ ਦਵਾਈਆਂ: 1928 ਵਿੱਚ ਅਲੈਗਜ਼ੈਂਡਰ ਫਲੈਮਿੰਗ ਨੇ ਫੰਗਸ ਤੋਂ ਪੈਨਸਿਲਿਨ ਬਣਾਈ, ਜਿਸ ਨੇ ਲੱਖਾਂ ਲੋਕਾਂ ਨੂੰ ਇਨਫੈਕਸ਼ਨਾਂ ਤੋਂ ਬਚਾਇਆ। ਜੇਕਰ ਵਿਗਿਆਨ ਨੇ ਕੁਦਰਤੀ ਸਰੋਤਾਂ ਦੀ ਵਰਤੋਂ ਨਾ ਕੀਤੀ ਹੁੰਦੀ, ਤਾਂ ਅੱਜ ਛੋਟੀਆਂ ਬਿਮਾਰੀਆਂ ਨਾਲ ਵੀ ਲੋਕ ਮਰ ਜਾਂਦੇ।

ਸਬਕ: ਮਨੁੱਖਤਾ ਦੀ ਰੱਖਿਆ ਪਹਿਲ ਹੈ, ਪਰ ਹੁਣ ਨਵੀਂ ਤਕਨੀਕ ਨਾਲ ਅਸੀਂ ਜੀਵਾਂ ਨੂੰ ਬਚਾ ਵੀ ਸਕਦੇ ਹਾਂ।

ਅ) ਮਧੂ-ਮੱਖੀਆਂ ਅਤੇ ਪਰਾਗਣ ਦੀ ਉਦਾਹਰਨ: ਮੱਖੀਆਂ ਫੁੱਲਾਂ ਤੋਂ ਰਸ ਲੈਂਦੀਆਂ ਹਨ, ਪਰ ਉਹ ਫੁੱਲ ਨੂੰ ਨਸ਼ਟ ਨਹੀਂ ਕਰਦੀਆਂ। ਉਲਟਾ, ਉਹ ਪਰਾਗਣ ਕਰ ਕੇ ਨਵੇਂ ਫੁੱਲ ਪੈਦਾ ਕਰਨ ਵਿੱਚ ਮਦਦ ਕਰਦੀਆਂ ਹਨ। ਇਨਸਾਨ ਨੂੰ ਵੀ ਅਜਿਹਾ ਬਣਨਾ ਚਾਹੀਦਾ ਹੈ - ਕੁਦਰਤ ਤੋਂ ਲਓ, ਪਰ ਉਸ ਨੂੰ ਵਧਾਓ ਅਤੇ ਬਰਬਾਦ ਨਾ ਕਰੋ।

ਸਬਕ: ਹਮੇਸ਼ਾ ਕੁਦਰਤ ਨੂੰ ਵਾਪਸ ਦਿਓ, ਜਿਵੇਂ ਕਿ ਆਰਗੈਨਿਕ ਖੇਤੀ ਅਪਣਾ ਕੇ ਜੀਵਾਂ ਨੂੰ ਬਚਾਓ।

ੲ) ਕੋਵਿਡ-19 ਵੈਕਸੀਨ ਅਤੇ ਜੀਵ ਖੋਜ: ਕੋਵਿਡ ਵੈਕਸੀਨ ਬਣਾਉਣ ਲਈ ਜੀਵਾਂ 'ਤੇ ਟੈਸਟ ਕੀਤੇ ਗਏ, ਜਿਸ ਨਾਲ ਕਰੋੜਾਂ ਜਾਨਾਂ ਬਚੀਆਂ। ਇਹ ਮਜਬੂਰੀ ਸੀ, ਪਰ ਹੁਣ ਵਿਗਿਆਨ ਨੇ ਬਦਲਵੇਂ ਤਰੀਕੇ ਲੱਭ ਲਏ ਹਨ ਜਿਵੇਂ ਕਿ mRNA ਤਕਨੀਕ (ਇਹ ਸੈੱਲਾਂ ਨੂੰ ਦੱਸਦਾ ਹੈ ਕਿ ਕਿਸ ਤਰ੍ਹਾਂ ਇੱਕ ਖਾਸ ਪ੍ਰੋਟੀਨ ਬਣਾਉਣਾ ਹੈ) ਜੋ ਘੱਟ ਨੁਕਸਾਨ ਵਾਲੀ ਹੈ।

ਸਬਕ: ਵਿਗਿਆਨਕ ਤਰੱਕੀ ਨਾਲ ਅਸੀਂ ਅਹਿੰਸਕ ਰਾਹ ਵੱਲ ਵਧ ਸਕਦੇ ਹਾਂ।

ਇਹ ਉਦਾਹਰਨਾਂ ਦੱਸਦੀਆਂ ਹਨ ਕਿ ਸੰਤੁਲਨ ਸੰਭਵ ਹੈ - ਅਸੀਂ ਜੀਵਾਂ ਨੂੰ ਸਤਿਕਾਰ ਦੇ ਕੇ ਵੀ ਤਰੱਕੀ ਕਰ ਸਕਦੇ ਹਾਂ।

5. ਇਨਸਾਨੀਅਤ ਦੀ ਉੱਤਮਤਾ ਅਤੇ ਜ਼ਿੰਮੇਵਾਰੀ

ਗੁਰਬਾਣੀ ਅਨੁਸਾਰ: "ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥" - ਸਾਰੀਆਂ ਜੂਨੀਆਂ ਤੇਰੀਆਂ ਸੇਵਾਦਾਰ ਹਨ, ਅਤੇ ਤੂੰ ਇਸ ਧਰਤੀ ਦਾ ਚੌਧਰੀ ਹੈਂ। ਇੱਕ ਚੰਗਾ ਚੌਧਰੀ ਆਪਣੀ ਪਰਜਾ (ਜੀਵ-ਜੰਤੂ) ਨੂੰ ਨਸ਼ਟ ਨਹੀਂ ਕਰਦਾ, ਸਗੋਂ ਉਨ੍ਹਾਂ ਦੀ ਰੱਖਿਆ ਕਰਦਾ ਹੈ। ਵਿਗਿਆਨ ਵੀ ਕਹਿੰਦਾ ਹੈ ਕਿ ਇਨਸਾਨ ਕੋਲ ਬੁੱਧੀ ਹੈ, ਇਸ ਲਈ ਉਸ ਨੂੰ ਕੁਦਰਤ ਨੂੰ ਬਚਾਉਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਦਾਹਰਨ ਵਜੋਂ, ਵਾਈਲਡਲਾਈਫ ਕੰਜ਼ਰਵੇਸ਼ਨ ਪ੍ਰੋਜੈਕਟਸ ਵਿੱਚ ਇਨਸਾਨ ਜੀਵਾਂ ਨੂੰ ਬਚਾਉਂਦੇ ਹਨ, ਜਿਸ ਨਾਲ ਵਾਤਾਵਰਣ ਸੰਤੁਲਿਤ ਰਹਿੰਦਾ ਹੈ।

ਇਸ ਲਈ, ਇਨਸਾਨੀਅਤ ਦੀ ਉੱਤਮਤਾ ਇਸ ਵਿੱਚ ਹੈ ਕਿ ਅਸੀਂ ਆਪਣੀ ਤਾਕਤ ਨੂੰ ਦਇਆ ਅਤੇ ਰੱਖਿਆ ਲਈ ਵਰਤੀਏ, ਨਾ ਕਿ ਨਸ਼ਟ ਕਰਨ ਲਈ।

ਸਿੱਟਾ: ਸੰਤੁਲਨ ਨਾਲ ਜੀਓ ਅਤੇ ਕੁਦਰਤ ਨੂੰ ਬਚਾਓ

ਅੰਤ ਵਿੱਚ, ਅਸੀਂ ਜੀਵਾਂ 'ਤੇ ਦਇਆ ਵੀ ਰੱਖੀਏ ਅਤੇ ਵਿਗਿਆਨਕ ਤਰੱਕੀ ਨੂੰ ਵੀ ਅਪਣਾਈਏ। ਜੀਵਾਂ ਦੀ ਵਰਤੋਂ ਤਾਂ ਹੀ ਜਾਇਜ਼ ਹੈ ਜਦੋਂ ਕੋਈ ਹੋਰ ਰਾਹ ਨਾ ਹੋਵੇ ਅਤੇ ਮਕਸਦ "ਸਰਬੱਤ ਦਾ ਭਲਾ" ਹੋਵੇ। ਲਾਲਚ ਵੱਲੋਂ ਕੀਤੀ ਹਿੰਸਾ ਗਲਤ ਹੈ ਅਤੇ ਇਨਸਾਨ ਨੂੰ ਨੀਵਾਂ ਗਿਰਾਉਂਦੀ ਹੈ, ਜਦਕਿ ਲੋੜ ਵਿੱਚ ਜ਼ਿੰਦਗੀ ਬਚਾਉਣ ਲਈ ਕੁਦਰਤ ਦੀ ਮਦਦ ਲੈਣਾ ਇੱਕ ਜ਼ਿੰਮੇਵਾਰੀ ਹੈ। ਗੁਰਬਾਣੀ ਕਹਿੰਦੀ ਹੈ: "ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥" - ਸਾਰੇ ਜੀਵਾਂ ਨੂੰ ਪਾਲਣ ਵਾਲਾ ਉਹ ਇੱਕ ਪ੍ਰਭੂ ਹੈ, ਉਸ ਨੂੰ ਨਾ ਭੁਲੀਏ।

ਕਈ ਵਾਰ ਅਜਿਹੀ ਸਥਿਤੀ ਆ ਜਾਂਦੀ ਹੈ ਜਿੱਥੇ ਮਨੁੱਖੀ ਜੀਵਨ ਬਚਾਉਣਾ ਸਭ ਤੋਂ ਵੱਡੀ ਪ੍ਰਾਥਮਿਕਤਾ ਬਣ ਜਾਂਦੀ ਹੈ। ਇਤਿਹਾਸ ਵੇਖੋ - ਜੀਵਾਂ 'ਤੇ ਪ੍ਰਯੋਗਾਂ ਨੇ ਕਰੋੜਾਂ ਲੋਕਾਂ ਨੂੰ ਮੌਤ ਤੋਂ ਬਚਾਇਆ ਹੈ। ਗੁਰਬਾਣੀ ਅਨੁਸਾਰ ਇਹ ਸਰੀਰ 'ਹਰਿ ਕਾ ਮੰਦਰ' ਹੈ - ਇਸ ਨੂੰ ਬਚਾਉਣ ਲਈ ਕੁਦਰਤ ਦੀ ਮਦਦ ਲੈਣਾ ਮਜਬੂਰੀ ਹੈ, ਨਿਰਦਈ ਨਹੀਂ। ਪਰ ਅਸੀਂ ਹਮੇਸ਼ਾ ਬਦਲਵੇਂ ਰਾਹ ਲੱਭੀਏ ਅਤੇ ਕੁਦਰਤ ਨੂੰ ਬਚਾਉਣ ਲਈ ਕੰਮ ਕਰੀਏ।

ਇਸ ਤਰ੍ਹਾਂ, ਰੂਹਾਨੀ ਸਿੱਖਿਆ ਅਤੇ ਵਿਗਿਆਨ ਨੂੰ ਮਿਲਾ ਕੇ ਅਸੀਂ ਇੱਕ ਬਿਹਤਰ ਸੰਸਾਰ ਬਣਾ ਸਕਦੇ ਹਾਂ। ਸਾਡੀ ਉਲਝਣ ਦੂਰ ਹੋਵੇ ਅਤੇ ਅਸੀਂ ਇਨਸਾਨੀਅਤ ਅਤੇ ਕੁਦਰਤ ਦੋਵਾਂ ਲਈ ਕੰਮ ਕਰੀਏ - ਇਹੀ ਮੇਰਾ ਮੰਨਣਾ ਹੈ।

**-ਗੁਰਦੇਵ ਸਿੰਘ ਬਠਿੰਡਾ, ਮੋ. : 9316949649**

### ਧੁੰਦ ਦੇ ਮੌਸਮ ਵਿਚ ਅਣਸੁਖਾਵੀਆਂ ਘਟਨਾਵਾਂ ਤੋਂ ਬਚਣ ਲਈ

# ਟਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ : ਪਠਲਾਵਾ ਸੰਸਥਾ



**ਵਿਸ਼ੇਸ਼ ਰਿਪੋਰਟ-ਹਰਪ੍ਰੀਤ ਸਿੰਘ ਪਠਲਾਵਾ**

**ਅੱਜ ਕੱਲ੍ਹ** ਪੂਰੇ ਉਤਰੀ ਭਾਰਤ ਵਿਚ ਸਰਦੀ ਦਾ ਮੌਸਮ ਆਪਣੀ ਚਰਮਸੀਮਾਂ ਵੱਲ ਨੂੰ ਵਧ ਰਿਹਾ ਹੈ,ਨਾਲ ਨਾਲ ਸੰਘਣੀ ਧੁੰਦ ਦੀ ਸ਼ੁਰੂਆਤ ਵੀ ਹੋ ਚੁੱਕੀ ਹੈ।ਅਜਿਹੇ ਮੌਸਮ ਵਿਚ ਸੜਕੀ ਦੁਰਘਟਨਾਵਾਂ ਵਿਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ । ਅਜਿਹੀਆਂ ਦੁਰਘਟਨਾਵਾਂ ਤੋਂ ਬਚਣ ਲਈ ਸੜਕੀ ਆਵਾਜਾਈ ਨਿਯਮ ਦੀ ਪਾਲਣਾਂ ਕਰਨ ਬੁਹਤ ਜ਼ਰੂਰੀ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ, ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ, ਕਾਰਜਕਾਰੀ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ,ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ,ਵਿੱਤ ਸਕੱਤਰ ਲੈਕਚਰਾਰ ਤਰਸੇਮ ਪਠਲਾਵਾ, ਸੰਦੀਪ ਕੁਮਾਰ ਗੌੜ ਅਤੇ ਉਪ ਪ੍ਰਧਾਨ ਸਤੀਸ਼ ਕੁਮਾਰ ਐਮਾਂ ਜਟਾਂ ਨੇ ਇਕ ਸੁਰ ਵਿਚ ਆਮ ਲੋਕਾ ਨੂੰ ਜਾਗਰੂਕ ਕਰਦਿਆਂ ਆਖਿਆ ਕਿ ਸੰਘਣੀ ਧੁੰਦ ਦੇ ਮੌਸਮ ਵਿਚ ਆਪਣਾ ਵਾਹਨ ਚਲਾਉਂਦੇ ਸਮੇਂ ਪੂਰੀ ਸਾਵਧਾਨੀ ਵਰਤਦੇ ਹੋਏ ਆਪਣੀ ਨਿਗਾਹ ਅਤੇ ਧਿਆਨ ਬਿਲਕੁਲ ਸਾਹਮਣੇ ਰੱਖਿਆ ਜਾਵੇਗੀ। ਲੋੜ ਪੈਣ ਤੇ ਵਾਈਪਰ ਦੀ ਵਰਤੋਂ ਕਰਦਿਆਂ ਸੀਸੇ ਨੂੰ ਸਾਫ ਕਰਦੇ ਰਹਿਣਾ ਚਾਹੀਦਾ ਹੈ। ਜਦੋਂ ਸਾਹਮਣੇ ਬਿਜੀਬਿਲਟੀ ਬੁਹਤ ਘੱਟ ਹੋਵੇ ਤਾਂ ਓਵਰਟੇਕ ਨਾ ਕਰੋ। ਲਾਈਟਾਂ ਦਾ ਇਸਤੇਮਾਲ ਕੀਤਾ ਜਾਣਾ ਬੁਹਤ ਜ਼ਰੂਰੀ ਹੈ।ਜੇਕਰ ਵਾਹਨ ਚਾਲਕ ਦੀ ਨਿਗਾਹ ਘੱਟ ਹੈ ਤਾਂ ਡਰਾਈਵ ਕਰਨ ਤੋਂ ਗੁਰੇਜ ਕੀਤਾ ਜਾਵੇ। ਬੁਲਾਰਿਆਂ ਨੇ ਆਮ ਲੋਕਾਂ ਨੂੰ ਸਾਵਧਾਨ ਕਰਦਿਆਂ ਅੱਗੇ ਦੱਸਿਆ ਕਿ ਜੇਕਰ ਰਾਤ ਦੇ ਸਮੇਂ ਰੋਡ ਤੇ ਨਿਕਲਣਾ ਪੈ ਜਾਵੇ ਤਾਂ ਸੜਕ ਤੇ ਲੱਗੀ ਚਮਕਦਾਰ ਚਿਟੀ ਪੱਟੀ ਦਾ ਸਹਾਰਾ ਲਿਆਂ ਜਾਵੇ ਅਤੇ ਆਪਣੇ ਵਾਹਨ ਦੀ ਸਪੀਡ ਨੂੰ ਬਿਲਕੁਲ ਘੱਟ ਕਰ ਲਿਆ ਜਾਵੇ । ਦੋਪਹੀਆ ਵਾਹਨਾਂ ਲਈ ਲੋੜ ਅਨੁਸਾਰ ਹੌਰਨ ਦੀ ਵਰਤੋਂ ਕੀਤੀ ਜਾਵੇ। ਸਾਈਕਲ ਸਵਾਰ ਰਾਹਗੀਰਾਂ ਲਈ ਜ਼ਰੂਰੀ ਹੈ ਕਿ ਆਪਣੇ ਸਾਧਨ ਪਿਛੇ ਲਿਫਰੈਕਟਰ ਵਜੋਂ ਲਾਲ ਬੱਤੀ ਨੂੰ ਲਗਾਉਣਾ ਯਕੀਨੀ ਬਣਾਉਣ ਸੰਸਥਾ ਵਲੋਂ ਸਰਕਾਰ ਅਤੇ ਲੋਕਲ ਪ੍ਰਸ਼ਾਸਨ ਨੂੰ ਵੀ ਅਪੀਲ ਕਰਦਿਆਂ ਆਖਿਆ ਕਿ ਪੇਂਡੂ ਲਿੰਕ ਸੜਕਾਂ ਤੇ ਵੀ ਚਮਕਦਾਰ ਚਿੱਟੀ ਪੱਟੀ ਨੂੰ ਲਗਾਉਣਾ ਜ਼ਰੂਰੀ ਬਣਾਇਆ ਜਾਵੇ। ਆਮ ਜਨਤਾ ਨੂੰ ਅਪੀਲ ਵੀ ਕਰਦਿਆਂ ਆਖਿਆ ਕਿ ਧੁੰਦ ਦੇ ਮੌਸਮ ਵਿਚ ਰਾਤ ਦੇ ਸਮੇਂ ਆਪਣੇ ਵਾਹਨ ਨੂੰ ਚਲਾਉਣ ਤੋਂ ਗੁਰੇਜ ਹੀ ਕਰ ਲੈਣਾ ਚਾਹੀਦਾ ਹੈ। ਜੇਕਰ ਅਸੀਂ ਇਹਨਾਂ ਗੱਲਾਂ ਅਤੇ ਅਵਾਜਾਈ ਦੇ ਨਿਯਮਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲੈਂਦੇ ਹਾਂ ਤਾਂ ਸੜਕੀ ਦੁਰਘਟਨਾਵਾਂ ਵਿਚ ਮੌਤ ਦੇ ਮੂੰਹ ਵਿਚ ਜਾ ਰਹੀਆਂ ਕੀਮਤੀ ਜਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ।

### ਚੰਦ ਪੁਰਾਣਾ ਟੋਲ ਪਲਾਜ਼ਾ ਦਾ ਬੰਦ ਪਿਆ ਸਟਰਕਚਰ ਬਣਿਆ ਹਾਦਸਿਆਂ ਦੀ ਵਜ੍ਹਾ

# ਸੰਘਣੀ ਧੁੰਦ 'ਚ ਕੈਂਟਰ ਡਵਾਈਡਰ ਉੱਤੇ ਚੜ੍ਹਿਆ

**ਬਾਘਾ ਪੁਰਾਣਾ, (ਮੋਗਾ) 19 ਦਸੰਬਰ (ਰਾਜਿੰਦਰ ਸਿੰਘ ਕੋਟਲਾ, ਗੁਰਪ੍ਰੀਤ ਸਿੰਘ)** -ਮੋਗਾ-ਬਾਘਾ ਪੁਰਾਣਾ ਹਾਈਵੇ 'ਤੇ ਸਥਿਤ ਪਿੰਡ ਚੰਦ ਪੁਰਾਣਾ ਕੋਲ ਬਣਿਆ ਟੋਲ ਟੈਕਸ ਪਲਾਜ਼ਾ ਕਰੀਬ ਢਾਈ ਸਾਲ ਤੋਂ ਬੰਦ ਪਿਆ ਹੈ। ਭਾਵੇਂ ਟੋਲ ਟੈਕਸ ਬੰਦ ਹੋਣ ਨਾਲ ਰੋਜ਼ਾਨਾ ਗੁਜ਼ਰਨ ਵਾਲੇ ਵਾਹਨ ਚਾਲਕਾਂ ਨੂੰ ਫੀਸਾਂ ਤੋਂ ਵੱਡੀ ਰਾਹਤ ਮਿਲੀ ਹੈ, ਪਰ ਟੋਲ ਪਲਾਜ਼ਾ ਦਾ ਖੜ੍ਹਾ ਸਟਰਕਚਰ ਅੱਜ ਵੀ ਥਾਂ-ਥਾਂ ਖਤਰਾ ਬਣਿਆ ਹੋਇਆ ਹੈ। ਖ਼ਾਸਕਰ ਸਰਦੀਆਂ ਦੇ ਮੌਸਮ ਵਿਚ ਪੈਂਦੀ ਸੰਘਣੀ ਧੁੰਦ ਕਾਰਨ ਇਹ ਢਾਂਚਾ ਹਾਦਸਿਆਂ ਨੂੰ ਸੱਦਾ ਦੇ ਰਿਹਾ ਹੈ ਅਤੇ ਰਾਹਗੀਰਾਂ ਲਈ ਮੁਸੀਬਤ ਦਾ ਕਾਰਨ ਬਣ ਚੁੱਕਾ ਹੈ।ਬੀਤੀ ਰਾਤ ਤੋਂ ਇਲਾਕੇ ਵਿਚ ਪਈ ਸੰਘਣੀ ਧੁੰਦ ਨੇ ਆਵਾਜਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ।, 200 ਤੋਂ 250 ਮੀਟਰ ਤੱਕ ਵੀ ਨਹੀਂ ਸੀ ਹੋ ਰਹੀ, ਜਿਸ ਕਰਕੇ ਵਾਹਨ ਚਾਲਕਾਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਅੱਜ ਤੜਕੇ ਵੀ ਧੁੰਦ ਦੀ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਰਹੀ।ਇਸੇ ਦੌਰਾਨ ਚੰਦ ਪੁਰਾਣਾ ਕੋਲ ਸਥਿਤ ਬੰਦ ਪਏ ਟੋਲ ਪਲਾਜ਼ਾ ਸਟਰਕਚਰ ਨੇ ਇਕ ਹੋਰ ਹਾਦਸੇ ਨੂੰ ਜਨਮ ਦੇ ਦਿੱਤਾ।ਧੁੰਦ ਕਾਰਨ ਦਿਖਾਈ ਨਾ ਦੇਣ ਕਰਕੇ ਇੱਕ ਕੈਂਟਰ ਟੋਲ ਪਲਾਜ਼ਾ ਦੇ ਕੋਲ ਬਣੇ ਮਿੱਡ ਡਵਾਈਡਰ ਉਪਰ ਚੜ੍ਹ ਗਿਆ।



ਹਾਦਸਾ ਇੰਜ ਅਚਾਨਕ ਵਾਪਰਿਆ ਕਿ ਵੇਖਦੇ ਹੀ ਵੇਖਦੇ ਕੈਂਟਰ ਦਾ ਅਗਲਾ ਹਿੱਸਾ ਚਕਨਾ-ਚੂਰ ਹੋ ਗਿਆ। ਗੁੱਡ ਲਕ ਨਾਲ ਕੈਂਟਰ ਡਰਾਈਵਰ ਅਤੇ ਕੰਡਕਟਰ ਦੀ ਜਾਨ ਬਚ ਗਈ, ਹਾਲਾਂਕਿ ਵਾਹਨ ਨੂੰ ਭਾਰੀ ਨੁਕਸਾਨ ਝੱਲਣਾ ਪਿਆ। ਘਟਨਾ ਨੂੰ ਦੇਖ ਲੰਘ ਰਹੇ ਰਾਹਗੀਰ ਅਤੇ ਵਾਹਨ ਚਾਲਕ ਮੌਕੇ 'ਤੇ ਇਕੱਠੇ ਹੋ ਗਏ। ਉਨ੍ਹਾਂ ਨੇ ਮੌਜੂਦਾ ਸੱਤਾਧਾਰੀ ਸਰਕਾਰ ਅਤੇ ਹਾਈਵੇ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਕੜਾ ਰੋਸ ਪ੍ਰਗਟਾਇਆ।ਮੌਜੂਦ ਲੋਕਾਂ ਨੇ ਦੋਸ਼ ਲਗਾਇਆ ਕਿ ਸਰਕਾਰ ਅਤੇ ਪ੍ਰਸ਼ਾਸਨ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਜਿਹੜਾ ਟੋਲ ਪਲਾਜ਼ਾ ਬੰਦ ਕਰ ਦਿੱਤਾ ਗਿਆ ਹੈ, ਉਸ ਦੇ ਬਿਨਾਮਤਲਬ ਖੜ੍ਹੇ ਸਟਰਕਚਰ ਦਾ ਕੋਈ ਲਾਭ ਨਹੀਂ। ਉਲਟ ਇਹ ਰੋਜ਼ਾਨਾ ਲੱਖਾਂ-ਕਰੋੜਾਂ ਦੇ ਟਰੈਫਿਕ ਲਈ ਖਤਰਾ ਬਣਿਆ ਪਿਆ ਹੈ।ਸਰਕਾਰ ਦੀਆਂ ਅੱਖਾਂ ਉਦੋਂ ਹੀ ਖੁੱਲਦੀਆਂ ਹਨ ਜਦੋਂ ਕਿਸੇ ਬੇਗੁਨਾਹ ਦੀ ਜਾਨ ਜਾਂਦੀ ਹੈ ਅਤੇ

ਰਾਹਗੀਰਾਂ ਨੇ ਕਿਹਾ ਕਿ ਸਰਕਾਰ ਦੀਆਂ ਅੱਖਾਂ ਉਦੋਂ ਹੀ ਖੁੱਲਦੀਆਂ ਹਨ ਜਦੋਂ ਕਿਸੇ ਬੇਗੁਨਾਹ ਦੀ ਜਾਨ ਜਾਂਦੀ ਹੈ। "ਜਿਨ੍ਹਾਂ ਚਿਰ ਕਿਸੇ ਦੇ ਘਰ ਦਾ ਚਿਰਾਗ ਨਹੀਂ ਬੁਝਦਾ, ਉਨ੍ਹਾਂ ਚਿਰ ਸਰਕਾਰ ਨਹੀਂ ਜਾਗਦੀ," ਇਕ ਵਾਹਨ ਚਾਲਕ ਨੇ ਕਹਿੰਦੇ ਹੋਏ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕੀਤੇ। ਲੋਕਾਂ ਨੇ ਇਹ ਵੀ ਕਿਹਾ ਕਿ ਜਿਵੇਂ 14 ਦਸੰਬਰ ਨੂੰ ਪਿੰਡ ਸੰਗਤਪੁਰਾ ਦੇ ਘੋਨੇ ਪੁਲ ਕਾਰਨ ਦੋ ਅਧਿਆਪਕ ਦਮਪਤੀ ਦੀ ਮੌਤ ਹੋਈ, ਉਸ ਘਟਨਾ ਤੋਂ ਬਾਅਦ ਹੀ ਪੁਲ ਦੀ ਨਵੀਂ ਉਸਾਰੀ ਸ਼ੁਰੂ ਹੋਈ। ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ ਪ੍ਰਸ਼ਾਸਨ ਦੀ ਮਸ਼ੀਨਰੀ ਕਿਸੇ ਭਿਆਨਕ ਹਾਦਸੇ ਬਾਅਦ ਹੀ ਹਿਲਦੀ ਹੈ। ਇਲਾਕਾ ਨਿਵਾਸੀਆਂ ਨੇ ਦਾਅਵਾ ਕੀਤਾ ਕਿ ਜੇ ਸੜਕਾਂ 'ਤੇ ਲਾਪਰਵਾਈ ਅਤੇ ਅਣਸੁਚਾਰੂ ਇੰਜੀਨੀਅਰਿੰਗ ਕਾਰਨ ਹੋ ਰਹੇ ਹਾਦਸਿਆਂ ਵੱਲ ਸਰਕਾਰ ਨੇ ਸਮੇਂ ਸਿਰ ਧਿਆਨ ਨਾ ਦਿੱਤਾ, ਤਾਂ ਕਈ ਹੋਰ ਬੇਕਸੂਰ ਲੋਕ ਬੇਵਜ੍ਹਾ ਆਪਣੀ ਜਾਨ ਗਵਾ ਬੈਠਣਗੇ। ਚੰਦ ਪੁਰਾਣਾ ਟੋਲ ਪਲਾਜ਼ਾ ਦੇ ਖੜ੍ਹੇ ਸਟਰਕਚਰ ਨੂੰ ਤੁਰੰਤ ਹਟਾਏ ਜਾਣ ਦੀ ਕੀਤੀ ਮੰਗ

ਉਨ੍ਹਾਂ ਦੀ ਮੰਗ ਹੈ ਕਿ ਚੰਦ ਪੁਰਾਣਾ ਟੋਲ ਪਲਾਜ਼ਾ ਦੇ ਖੜ੍ਹੇ ਸਟਰਕਚਰ ਨੂੰ ਤੁਰੰਤ ਹਟਾਇਆ ਜਾਵੇ ਜਾਂ ਉਸਨੂੰ ਸਫ਼ਾਈ ਨਾਲ ਤੋੜ ਕੇ ਰਸਤੇ ਨੂੰ ਪੂਰੀ ਤਰ੍ਹਾਂ ਖਾਲੀ ਕੀਤਾ ਜਾਵੇ। ਇਹ ਵੀ ਮੰਗ ਕੀਤੀ ਗਈ ਕਿ ਧੁੰਦ ਦੇ ਦਿਨਾਂ ਵਿਚ ਸੜਕਾਂ 'ਤੇ ਵੱਧ ਸਾਇਨ ਬੋਰਡ, ਰਿਫਲੈਕਟਰ ਅਤੇ ਚੇਤਾਵਨੀ ਬੱਤੀਆਂ ਲਗਾਈਆਂ ਜਾਣ, ਤਾਂ ਜੋ ਇਸ ਤਰ੍ਹਾਂ ਦੇ ਹਾਦਸਿਆਂ ਨੂੰ ਘਟਾਇਆ ਜਾ ਸਕੇ ਬਾਕਸ ਬੇਧਿਆਨੀ ਸਿਰਫ਼ ਸਰਕਾਰੀ ਫਾਈਲਾਂ ਦੀ ਨਹੀਂ,ਸਗੋਂ ਲੋਕਾਂ ਦੀ ਜਾਨ ਦੀ ਕੀਮਤ ਨਾਲ ਵੀ ਖੇਡ ਰਹੀ ਹੈ ਸਥਾਨਕ ਲੋਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਪ੍ਰਸ਼ਾਸਨ ਨੇ ਜਲਦੀ ਕਾਰਵਾਈ ਨਾ ਕੀਤੀ ਤਾਂ ਉਹ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੋ ਜਾਣਗੇ। ਹਾਈਵੇ ਅਥਾਰਟੀ ਵੱਲੋਂ ਇਸ ਮਾਮਲੇ 'ਤੇ ਅਜੇ ਤੱਕ ਕੋਈ ਸਪਸ਼ਟ ਜਵਾਬ ਨਹੀਂ ਆਇਆ। ਹਾਲਾਂਕਿ ਇਹ ਘਟਨਾ ਇੱਕ ਵਾਰ ਫਿਰ ਸਾਬਤ ਕਰ ਰਹੀ ਹੈ ਕਿ ਬੇਧਿਆਨੀ ਸਿਰਫ਼ ਸਰਕਾਰੀ ਫਾਈਲਾਂ ਦੀ ਨਹੀਂ, ਸਗੋਂ ਲੋਕਾਂ ਦੀ ਜਾਨ ਦੀ ਕੀਮਤ ਨਾਲ ਵੀ ਖੇਡ ਰਹੀ ਹੈ। ਚੰਦ ਪੁਰਾਣਾ ਟੋਲ ਪਲਾਜ਼ਾ ਦੇ ਬੰਦ ਪਏ ਸਟਰਕਚਰ ਨਾਲ ਜੁੜੀ ਇਹ ਤਾਜ਼ਾ ਘਟਨਾ ਸਰਕਾਰ ਲਈ ਇੱਕ ਵੱਡਾ ਸੰਕੇਤ ਹੈ ਕਿ ਸਮੇਂ ਸਿਰ ਕਾਰਵਾਈ ਨਾ ਹੋਈ ਤਾਂ ਆਉਣ ਵਾਲੇ ਦਿਨਾਂ ਵਿਚ ਇਸ ਤਰ੍ਹਾਂ ਦੇ ਹਾਦਸੇ ਹੋਰ ਵੀ ਵੱਧ ਸਕਦੇ ਹਨ।

**ਸਰਕਾਰ ਦੀਆਂ ਅੱਖਾਂ ਉਦੋਂ ਹੀ ਖੁੱਲਦੀਆਂ ਹਨ ਜਦੋਂ ਕਿਸੇ ਬੇਗੁਨਾਹ ਦੀ ਜਾਨ ਜਾਂਦੀ ਹੈ : ਰਾਹਗੀਰ**

# ਸਾਨੂੰ ਚਾਰੋ ਸਾਹਿਬਜ਼ਾਦਿਆਂ ਦੀਆਂ ਦਿੱਤੀਆਂ ਕੁਰਬਾਨੀਆਂ ਕਦੇ ਵੀ ਭੁਲਾਈ ਨਹੀਂ ਜਾ ਸਕਦੀ

ਫ਼ਿਰੋਜ਼ਪੁਰ, 19 ਦਸੰਬਰ (ਮਨੋਹਰ ਲਾਲ) :— ਸਾਨੂੰ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰ ਲਾਲਾ ਅਤੇ ਮਾਤਾ ਗੁਜਰ ਕੌਰ ਅਤੇ ਪੋਹ ਮਹੀਨੇ ਵਿਚ ਅਨੇਕਾਂ ਸ਼ਹੀਦਾਂ ਨੇ ਦਿੱਤੀਆਂ ਹੋਈਆਂ ਕੁਰਬਾਨੀਆਂ ਕਦੇ ਵੀ ਭੁਲਾਈ ਨਹੀਂ ਜਾ ਸਕਦੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਗੁਰਦੁਆਰਾ ਠਾਠਨਾਨਕਸਰ ਛਾਂਗਾ ਖੁਰਦ ਵਿਖੇ ਪਹਿਲੀ ਪੋਹ ਤੋਂ ਲੈ ਕੇ 15 ਪੋਹ ਤੱਕ ਚੱਲ ਰਹੇ ਰਾਤ ਦੇ ਦੀਵਾਨ ਅਤੇ ਸੁਖਮਣੀ ਸਾਹਿਬ ਜੀ ਦੇ ਭੋਗ ਉਪਰੰਤ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਕਥਾ ਕਰਦਿਆਂ ਆਖਿਆ ਕਿ ਪੋਹ ਮਹੀਨਾ ਸਾਰਾ ਹੀ ਕੁਰਬਾਨੀਆਂ ਨਾਲ ਭਰਿਆ ਹੈ, ਪਰ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਾਰਾ ਪਰਿਵਾਰ ਇਕ ਹਫਤਾ ਯਾਨੀ 6 ਪੋਹ ਤੋਂ ਲੈ ਕੇ 13 ਪੋਹ ਤੱਕ ਸ਼ਹੀਦ ਕਰ ਦਿੱਤਾ, ਇਸ ਦੇ ਨਾਲ ਹੀ ਅਨੇਕਾਂ ਸ਼ਹੀਦ ਚਮਕੌਰ ਦੀ ਜੰਗ ਮੈਦਾਨ ਵਿਚ ਸ਼ਹੀਦ ਹੋ ਗਏ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਅੱਗੇ ਦੱਸਿਆ ਕਿ 6 ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਚਲੇ ਗਏ ਅਤੇ ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ ਤੇ ਹਮਲਾ ਕਰ ਦਿੱਤਾ ਸੀ, ਪਰ ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ, ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ, ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਗੁਰੂ ਸਾਹਿਬ ਜਦੋਂ ਪਰਿਵਾਰ ਸਮੇਤ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਾਣੀ ਦਾ ਵਹਾਅ ਇਨ੍ਹਾਂ ਤੇਜ਼ ਸੀ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਵਿਛੜ ਗਿਆ। ਵਿਛੜਣ ਤੋਂ ਬਾਅਦ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਮਕੌਰ ਪਹੁੰਚ ਗਏ ਅਤੇ ਮਾਤਾ ਗੁਜਰ ਕੌਰ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਗੁਰੂ ਸਾਹਿਬ ਦਾ ਸੇਵਕ ਰਹਿ ਚੁੱਕਾ ਗੰਗੂ ਨਾਮਕ ਬ੍ਰਾਹਮਣ ਆਪਣੇ ਨਾਲ ਲੈ ਗਿਆ, ਪਰ ਉਸ ਨੇ ਸਰਹਿੰਦ ਦੇ ਨਵਾਬ ਵਜੀਰ ਖਾਨ ਨੂੰ ਇਸ ਦੀ ਸੂਚਨਾ ਨਾ ਦਿੱਤੀ, ਫਿਰ ਵਜੀਰ ਖਾਨ ਨੇ ਉਨ੍ਹਾਂ ਨੂੰ ਕੈਦ ਕਰ ਲਿਆ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਸਾਰਾ ਪੋਹ ਦਾ ਮਹੀਨਾ ਮੂਲ ਮੰਤਰ ਜਜਬੀ ਸਾਹਿਬ, ਸੁਖਮਣੀ ਸਾਹਿਬ ਜੀ ਦੇ ਵੱਧ ਤੋਂ ਵੱਧ ਪਾਠ ਕਰੋ ਤਾਂ ਜ਼ੋ ਤੁਹਾਨੂੰ ਵੱਧ ਤੋਂ ਵੱਧ ਗੁਰੂ ਸਾਹਿਬ ਜੀ ਦੀਆਂ ਬਰਕਤਾਂ ਮਿਲ ਸਕਣ। ਇਸ ਮੌਕੇ ਤੇ ਚਾਹ ਦਾ ਲੰਗਰ, ਗੁਰੂ ਕਾ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ।



## ਕੁਦਰਤੀ ਤੇ ਗੈਰ ਕੁਦਰਤੀ ਆਫਤਾਂ ਪਿਛੇ ਵੀ ਮਨੁੱਖਤਾ ਗੈਰ ਜੁੰਮੇਦਾਰੀ ਸਭ ਤੋਂ ਵੱਡਾ ਕਾਰਨ—ਪੀ.ਸੀ ਕੁਮਾਰ



ਫ਼ਿਰੋਜ਼ਪੁਰ, 19 ਦਸੰਬਰ (ਮਨੋਹਰ ਲਾਲ) :— ਅੱਜ ਇਹ ਗੱਲ ਮੈਂ ਤੂੰ ਨਹੀਂ ਬਲਕਿ ਸਾਡੇ ਮਾਨਯੋਗ ਸੁਪਰੀਮ ਕੋਰਟ ਆਪਣੇ ਫੈਸਲਿਆਂ ਵਿਚ ਕੁਦਰਤ ਦੇ ਨਾਲ ਛੇੜ—ਛਾੜ ਕਾਂਟ—ਡਾਟ ਤੇ ਸਭ ਤੋਂ ਵੱਡਾ ਅਮੀਰ ਲੋਕਾਂ ਦਾ ਰਹਿਣ—ਸਹਿਣ, ਖਾਣ—ਪੀਣ ਦੀਆਂ ਆਦਤਾਂ ਦਾ ਇਸ ਵਾਤਾਵਰਣ ਨੂੰ ਵਿਗਾੜਣ ਵਿਚ ਅਹਿਮ ਰੋਲ ਜਿਨੀਆਂ ਗੈਰ ਕੁਦਰਤੀ ਸਾਧਣ ਆਪਣੀ ਸ਼ਾਨੋ ਸ਼ੌਕਤ ਦੁਨਿਆਵੀ ਦਿਖਾਵੇ ਜ਼ੋ ਕੁਦਰਤੀ ਸਾਧਨਾਂ ਨੂੰ ਛੇੜ—ਛਾੜ, ਕਾਟ—ਡਾਟ ਕੁਦਰਤੀ ਸਾਧਨਾਂ ਦਾ ਬੈਲਸ ਵਿਗਾੜ ਆਪਣੀ ਅਮੀਰੀ ਦਾ ਪ੍ਰਦਰਸ਼ਨ ਕਰਕੇ ਦੂਜਿਆਂ ਲਈ ਮੁਸ਼ਿਕਲਾਂ ਪੈਦਾ ਕਰ ਜਿਥੇ ਸਰੀਰਕ, ਮਾਨਸਿਕ ਕੁਰੀਤੀਆਂ, ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ, ਉਥੇ ਨੇਚਰ ਵਿਚ ਵੀ ਖਿਲਵਾੜ ਅਤਿ ਆਪਾ ਪਣ ਕਰੀਏ ਅਸੀਂ ਆਪਣੇ ਸੁੱਖਾਂ ਅਰਾਮ ਆਪਣੀ ਸੋਸ਼ੇਬਾਜੀ ਛੱਡ ਕੁਦਰਤ ਨਾਲ ਸਮਝੌਤਾ ਕਰ ਨਾ ਆਪ ਤੇ ਨਾ ਦੂਜਿਆਂ ਨੂੰ ਦੁਖੀ ਕਰਾਂਗੇ। ਇਹੀ ਇਨਸਾਨੀਅਤ ਹੈ ਤੇ ਲੋਕ ਭਲਾਈ ਹੈ।

## ਅਮਰੀਕਾ ਦੇ ਉੱਤਰੀ ਕੈਰੋਲੀਨਾ 'ਚ ਲੈਂਡਿੰਗ ਦੌਰਾਨ ਬਿਜ਼ਨਸ ਜਹਾਜ਼ ਹਾਦਸਾਗ੍ਰਸਤ, 7 ਲੋਕਾਂ ਦੀ ਮੌਤ

**ਵਾਸ਼ਿੰਗਟਨ, 19 ਅਗਸਤ (ਆਵਾਜ਼ਿ ਕੌਮ ਬਿਊਰੋ)**-ਅਮਰੀਕਾ ਦੇ ਉੱਤਰੀ ਕੈਰੋਲੀਨਾ ਦੇ ਸਟੇਟਸਵਿਲੇ ਖੇਤਰੀ ਹਵਾਈ ਅੱਡੇ 'ਤੇ ਇੱਕ ਸੇਸਨਾ ਸੀ550 ਵਪਾਰਕ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ 7 ਲੋਕਾਂ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਜਹਾਜ਼ ਉਡਾਣ ਭਰਨ ਤੋਂ ਕੁਝ ਮਿੰਟ ਬਾਅਦ ਬੇਸ 'ਤੇ ਵਾਪਸ ਜਾਣ ਦੀ ਕੋਸ਼ਿਸ਼ ਕਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ। ਹਾਦਸੇ ਦੇ ਸਮੇਂ ਹਲਕੀ ਬਾਰਿਸ਼ ਅਤੇ ਬੱਦਲ ਮੌਜੂਦ ਸਨ, ਜਿਸ ਕਾਰਨ ਦ੍ਰਿਸ਼ਟੀ ਘੱਟ ਗਈ, ਜਿਸ ਨੂੰ ਇੱਕ ਸੰਭਾਵੀ ਕਾਰਕ ਮੰਨਿਆ ਜਾ ਰਿਹਾ ਹੈ। ਰਾਸ਼ਟਰੀ ਆਵਾਜਾਈ ਸੁਰੱਖਿਆ ਬੋਰਡ ਅਤੇ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਵੀਰਵਾਰ ਨੂੰ ਉੱਤਰੀ ਕੈਰੋਲੀਨਾ ਦੇ ਇੱਕ ਖੇਤਰੀ ਹਵਾਈ ਅੱਡੇ 'ਤੇ ਇੱਕ ਵਪਾਰਕ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਦੇ ਨਤੀਜੇ ਵਜੋਂ ਭਾਰੀ ਅੱਗ ਲੱਗ ਗਈ ਅਤੇ ਕਈ ਮੌਤਾਂ ਹੋਈਆਂ। ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (611) ਦੇ ਅਨੁਸਾਰ, ਸੇਸਨਾ 3550 ਜਹਾਜ਼ ਲੈਂਡਿੰਗ ਦੌਰਾਨ ਹਾਦਸਾਗ੍ਰਸਤ ਹੋ ਗਿਆ। ਇਹ ਹਾਦਸਾ ਸਥਾਨਕ ਸਮੇਂ ਅਨੁਸਾਰ ਸਵੇਰੇ 10:15 ਅਤੇ 10:20 ਦੇ ਵਿਚਕਾਰ ਹੋਇਆ। 611 ਨੇ ਦੱਸਿਆ ਕਿ ਜਹਾਜ਼ ਨੇ ਸਵੇਰੇ 10:06 ਵਜੇ ਉਡਾਣ ਭਰੀ ਪਰ ਕੁਝ ਮਿੰਟਾਂ ਵਿੱਚ ਵਾਪਸ ਆਉਣ ਦੀ ਕੋਸ਼ਿਸ਼ ਕੀਤੀ ਅਤੇ ਹਾਦਸਾਗ੍ਰਸਤ ਹੋ ਗਿਆ। ਫਲਾਈਟ ਟਰੈਕਿੰਗ ਡੇਟਾ ਦਰਸਾਉਂਦਾ ਹੈ ਕਿ ਜਹਾਜ਼ ਕਾਫ਼ੀ ਉਚਾਈ ਪ੍ਰਾਪਤ ਕਰਨ ਵਿੱਚ ਅਸਮਰੱਥ ਸੀ ਅਤੇ ਕੁਝ ਮੀਲ ਉੱਡਣ ਤੋਂ ਬਾਅਦ ਤੁਰੰਤ ਵਾਪਸ ਮੁੜ ਗਿਆ। ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਨੇ ਦੱਸਿਆ ਕਿ ਸੇਸਨਾ 3550 ਜਹਾਜ਼ ਸ਼ਾਰਲੋਟ ਤੋਂ ਲਗਭਗ 45 ਮੀਲ (72 ਕਿਲੋਮੀਟਰ) ਉੱਤਰ ਵਿੱਚ ਸਥਿਤ ਸਟੇਟਸਵਿਲੇ ਖੇਤਰੀ ਹਵਾਈ ਅੱਡੇ 'ਤੇ ਉਤਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ। ਇਰੇਡੇਲ ਕਾਉਂਟੀ ਸ਼ੈਰਿਫ਼ ਡੈਰੇਨ ਕੈਂਪਬੈਲ ਨੇ ਕਿਹਾ, "ਮੈਂ ਪੁਸ਼ਟੀ ਕਰ ਸਕਦਾ ਹਾਂ ਕਿ ਕੁਝ ਲੋਕਾਂ ਦੀ ਮੌਤ ਹੋ ਗਈ ਹੈ।" ਹਾਲਾਂਕਿ, ਉਸਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਕਿੰਨੇ ਲੋਕ ਮਾਰੇ ਗਏ ਹਨ।


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਲਕਾ ਐਲਨਾਬਾਦ ਤੋਂ ਮੈਂਬਰ ਸ.ਗੁਰਪਾਲ ਸਿੰਘ ਗੋਰਾ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਲਨਾਬਾਦ ਅਤੇ ਰਛਪਾਲ ਸਿੰਘ ਦੇ ਸਤਿਕਾਰਯੋਗ


# ਮਾਤਾ ਸੁਰਜੀਤ ਕੌਰ ਧਰਮ ਸੁਪਤਨੀ (ਅਲਬੇਲ ਸਿੰਘ ਸਿੱਧੂ) ਦੀ ਅੰਤਿਮ ਅਰਦਾਸ ਕੀਤੀ ਗਈ

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ















ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਲਕਾ ਐਲਨਾਬਾਦ ਤੋਂ ਮੈਂਬਰ ਸ .ਗੁਰਪਾਲ ਸਿੰਘ ਗੋਰਾ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਲਨਾਬਾਦ ਅਤੇ ਰਛਪਾਲ ਸਿੰਘ ਦੇ ਸਤਿਕਾਰਯੋਗ ਮਾਤਾ ਸੁਰਜੀਤ ਕੌਰ ਧਰਮ ਸੁਪਤਨੀ (ਅਲਬੇਲ ਸਿੰਘ ਸਿੱਧੂ) ਦੀ ਅੰਤਿਮ ਅਰਦਾਸ ਅੱਜ ਉਨਾਂ ਦੇ ਗ੍ਰਹਿ ਢਾਣੀ ਅਲਬੇਲ ਸਿੰਘ ਐਲਨਾਬਾਦ ਵਿਖੇ ਕੀਤੀ ਗਈ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਨੇ ਵੈਰਾਗਮਈ ਕੀਰਤਨ ਕੀਤਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ,ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ ,ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ ,ਅੰਗਰੇਜ਼ ਸਿੰਘ ਰਾਣੀਆਂ ਜਨਰਲ ਸਕੱਤਰ ,ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਨਰਲ ਸਕੱਤਰ ,ਜਗਤਾਰ ਸਿੰਘ ਮਾਨ ਮਿੱਠੜੀ ਅੰਤ੍ਰਿੰਗ ਮੈਂਬਰ ,ਪ੍ਰਕਾਸ਼ ਸਿੰਘ ਸਾਹੂਵਾਲਾ ਮੈਂਬਰ ,ਕੁਲਦੀਪ ਸਿੰਘ ਡੱਬਵਾਲੀ ਮੈਂਬਰ ,ਅੰਮ੍ਰਿਤਪਾਲ ਸਿੰਘ ਅਉਡਾਂ ਮੈਂਬਰ ,ਬਿੰਦਰ ਸਿੰਘ ਕਾਲਾਂਵਾਲੀ ਮੈਂਬਰ ,ਗੁਰਮੇਜ ਸਿੰਘ ਸਿਰਸਾ ਮੈਂਬਰ ,ਸੰਤ ਬਰਿੰਦਰ ਸਿੰਘ ਜਗਮਾਲਵਾਲੀ ,ਸੂਫੀ ਗਾਇਕ ਸ਼ਮਸ਼ੇਰ ਸਿੰਘ ਲਹਿਰੀ ,ਜਗਦੀਸ਼ ਚੋਪੜਾ ,ਅਮੀਰ ਚੰਦ ਮਹਿਤਾ ,ਬੀਬੀ ਗੁਲਾਬ ਸਿਮਰ ਸੰਗਰੀਆ ,ਮਾਸਟਰ ਬਲਜੀਤ ਸਿੰਘ ਕੁੰਮਥਲਾ ,ਮਲਕੀਤ ਸਿੰਘ ਖੋਸਾ ,ਕੁਲਦੀਪ ਸਿੰਘ ਗਦਰਾਣਾ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ। ••

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243





### ਹਰਜਿੰਦਰ ਸਿੰਘ ਕਾਂਝਲਾ ਅਤੇ ਸੰਤ ਬਾਬਾ ਸੁਖਰਾਜ ਸਿੰਘ ਨੇ

# ਲੱਡਾ ਦੀ ਦਰਸ਼ਨੀ ਡਿਊੜੀ ਦਾ ਕੀਤਾ ਉਦਘਾਟਨ

**ਧੂਰੀ ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਦੇ ਹਲਕੇ ਦੇ ਵਿੱਚ ਪੈਂਦੇ ਪਿੰਡ ਬਾਲੀਆਂ ਜੂਨ ਤੋਂ ਜਿੱਥੇ ਨਵ ਨਿਯੁਕਤ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ ਨੇ ਪਿੰਡ ਲੱਡਾ ਵਿਖੇ ਦਰਸ਼ਨੀ ਡਿਊੜੀ ਦਾ ਉਦਘਾਟਨ ਮੌਜੂਦਾ ਮੁਖੀ ਸੰਤ ਬਾਬਾ ਸੁਖਰਾਜ ਸਿੰਘ ਜੀ ਦੀ ਅਗਵਾਈ ਹੇਠ ਕੀਤਾ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਹਰਜਿੰਦਰ ਸਿੰਘ ਕਾਂਝਲਾ ਨੇ ਕਿਹਾ ਕਿ ਉਹ ਬਾਲੀਆਂ ਜੋਨ ਵਿੱਚ ਆਉਂਦੇ 23 ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਦਿਨ ਰਾਤ ਮਿਹਨਤ ਕਰਨਗੇ ਅਤੇ ਰਹਿੰਦੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜਨ ਦੇ ਵਿੱਚ ਆਪਣਾ ਵਿਸ਼ੇਸ਼ ਅਤੇ ਵਡਮੁੱਲਾ ਯੋਗਦਾਨ ਪਾਉਣਗੇ ਉਹਨਾਂ ਕਿਹਾ ਕਿ ਉਹ ਬਾਲੀਆਂ ਜੋਨ ਵਿੱਚ ਆਉਂਦੇ ਪਿੰਡਾਂ ਦੇ ਵਿੱਚ ਰਹਿੰਦੇ ਪੰਜ-ਚਾਂ ਸਰਪੰਚਾਂ ਵਰਕਰਾਂ ਦਾ ਦਿਲ ਦੀਆਂ ਗਾਈਆਂ ਚੋਂ ਇੱਕ ਵਾਰ ਫਿਰ ਧੰਨਵਾਦ ਕਰਦੇ ਹਨ ਜਿਨਾਂ ਨੇ ਉਹਨਾਂ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV



